# ਕੀਟਨਾਸ਼ਕ ਸੁਰੱਖਿਆ ਜਾਣਕਾਰੀ

ਕੈਲੀਫ਼ੋਰਨੀਆ ਦੇ ਵਾਤਾਵਰਣ ਦੀ ਸੁਰੱਖਿਆ ਬਾਰੇ ਏਜੰਸੀ

ਤਤਕਰਾ

# ਕੀਟਨਾਸ਼ਕ ਸੁਰੱਖਿਆ ਬਾਰੇ ਜਾਣਕਾਰੀ ਦੀ ਲੜੀ (PSIS) A ਲੜੀ

## ਖੇਤੀਬਾੜੀ ਵਾਲੀਆਂ ਥਾਂਵਾਂ



| ਸਿਰਲੇਖ | ਫਾਇਲ # | ਸੋਧੀ ਹੋਈ |
|---|---|---|
| ਖੇਤੀਬਾੜੀ ਵਾਲੀਆਂ ਥਾਂਵਾਂ ਵਿੱਚ ਕੀਟਨਾਸ਼ਕਾਂ ਨਾਲ ਸੁਰੱਖਿਆ ਨਾਲ ਕੰਮ ਕਰਨਾ | PSIS A-1 | 2025 |
| ਖੇਤੀਬਾੜੀ ਵਾਲੀਆਂ ਥਾਂਵਾਂ ਵਿੱਚ ਕੀਟਨਾਸ਼ਕਾਂ ਨੂੰ ਸਟੋਰ ਕਰਨਾ, ਇਧਰ-ਉਧਰ ਲੈ ਜਾਣਾ ਅਤੇ ਨਿਪਟਾਰਾ ਕਰਨਾ | PSIS A-2 | 2025 |
| ਖੇਤੀਬਾੜੀ ਵਾਲੀਆਂ ਥਾਂਵਾਂ ਵਿੱਚ ਬੰਦ ਮਿਸ਼ਰਣ ਪ੍ਰਣਾਲੀ, ਪਾਣੀ ਵਿੱਚ ਘੁਲਣਸ਼ੀਲ ਪੈਕਿਜੰਗ ਅਤੇ ਬੰਦ ਗੱਡੀਆਂ | PSIS A-3 | 2025 |
| ਮੁੱਢਲੀ ਡਾਕਟਰੀ ਸਹਾਇਤਾ (ਫਸਟ ਏਡ) ਅਤੇ ਐਮਰਜੈਂਸੀ ਸ਼ੁਧੀਕਰਨ | PSIS A-4 | 2025 |
| ਖੇਤੀਬਾੜੀ ਵਾਲੀਆਂ ਥਾਂਵਾਂ ਵਿੱਚ ਕੀਟਨਾਸ਼ਕਾਂ ਨੂੰ ਸਾਹ ਰਾਹੀਂ ਅੰਦਰ ਲੈਣ ਤੋਂ ਆਪਣੇ ਆਪ ਨੂੰ ਬਚਾਉਣਾ | PSIS A-5 | 2025 |
| ਖੇਤੀਬਾੜੀ ਵਾਲੀਆਂ ਥਾਂਵਾਂ ਵਿੱਚ ਕੀਟਨਾਸ਼ਕਾਂ ਤੋਂ ਹੋਣ ਵਾਲੇ ਪਰਭਾਵ ਨੂੰ ਘੱਟ ਤੋਂ ਘੱਟ ਰੱਖਣ (MEPs) ਲਈ ਸੁਰੱਖਿਆ ਨਿਯਮ | PSIS A-6 | 2025 |
| ਕੀਟਨਾਸ਼ਕ ਨਾਲ ਕੰਮ ਕਰਨ ਵੇਲੇ ਪਾਏ ਕਪੜਿਆਂ ਨੂੰ ਧੋਣਾ | PSIS A-7 | 2025 |
| ਖੇਤੀਬਾੜੀ ਵਾਲੀਆਂ ਥਾਂਵਾਂ ਵਿੱਚ ਕੀਟਨਾਸ਼ਕਾਂ ਦੀ ਸਾਜ-ਸੰਭਾਲ ਕਰਨ ਵਾਲਿਆਂ ਲਈ ਸੁਰੱਖਿਆ ਨਿਯਮ | PSIS A-8 | 2025 |
| ਫਾਰਮ ਤੇ ਕੰਮ ਕਰਨ ਵਾਲਿਆਂ ਲਈ ਕੀਟਨਾਸ਼ਕ ਸਬੰਧੀ ਸੁਰੱਖਿਆ ਨਿਯਮ | PSIS A-9 | 2025 |
| ਸਾਜ-ਸੰਭਾਲ ਕਰਨ ਵਾਲਿਆਂ ਲਈ ਵਾਧੂ ਮੈਡੀਕਲ ਦੇਖਭਾਲ ਜੋ ਜੈਵਿਕ ਫ਼ਾਸਫ਼ੇਟ ਅਤੇ ਕਾਰਬਾਮੇਟਸ ਦੀ ਵਰਤੋਂ ਕਰਦੇ ਹਨ | PSIS A-10 | 2025 |



ਸਾਰੇ ਸੁਰੱਖਿਆ ਪਰਚੇ ਇਸ ਵੈੱਬਸਾਈਟ 'ਤੇ ਹੋਰ ਭਾਸ਼ਾਵਾਂ ਵਿੱਚ ਉਪਲਬਧ ਹਨ:
https://www.cdpr.ca.gov/worker-health-and-safety/education-series/

# ਕੀਟਨਾਸ਼ਕ ਸੁਰੱਖਿਆ ਜਾਣਕਾਰੀ

ਕੈਲੀਫ਼ੋਰਨੀਆ ਦੇ ਵਾਤਾਵਰਣ ਦੀ ਸੁਰੱਖਿਆ ਬਾਰੇ ਏਜੰਸੀ

**A No. 1**


# ਖੇਤੀਬਾੜੀ ਵਾਲੀਆਂ ਥਾਂਵਾਂ ਵਿੱਚ ਕੀਟਨਾਸ਼ਕਾਂ ਨਾਲ ਸੁਰੱਖਿਆ ਨਾਲ ਕੰਮ ਕਰਨਾ

**ਜਿਹੜੇ ਕਾਮੇ ਕੀਟਨਾਸ਼ਕਾਂ ਦਾ ਇਸਤੇਮਾਲ ਕਰਦੇ ਹਨ, ਉਨ੍ਹਾਂ ਦਾ ਆਪਣੀ ਸੁਰੱਖਿਆ ਲਈ ਸਿੱਖਿਅਤ ਹੋਣਾ ਜ਼ਰੂਰੀ ਹੈ।** ਜਿਹੜੇ ਮੁਲਾਜ਼ਮ ਖੇਤੀਬਾੜੀ (ਫ਼ਾਰਮਾਂ, ਜੰਗਲਾਂ, ਨਰਸਰੀਆਂ ਜਾਂ ਬੰਦ ਥਾਵਾਂ ਵਿੱਚ) ਵਿੱਚ ਕੀਟਨਾਸ਼ਕਾਂ ਦਾ ਇਸਤੇਮਾਲ ਕਰਦੇ ਹਨ, ਉਨ੍ਹਾਂ ਦੀ ਉਮਰ ਘੱਟੋ-ਘੱਟ 18 ਸਾਲ ਹੋਣੀ ਜ਼ਰੂਰੀ ਹੈ। ਇਸਤੇਮਾਲ (ਹੈਂਡਲ) ਦਾ ਮਤਲਬ ਕੀਟਨਾਸ਼ਕਾਂ ਨੂੰ ਰਲਾਉਣਾ, ਲੱਦਣਾ, ਜਾਂ ਵਰਤਣਾ; ਕੀਟਨਾਸ਼ਕਾਂ ਲਈ ਵਰਤੇ ਜਾਂਦੇ ਉਪਕਰਨ ਦੀ ਮੁਰੰਮਤ ਜਾਂ ਸਫ਼ਾਈ; ਜਾਂ ਫਿਰ ਕੀਟਨਾਸ਼ਕ ਦਵਾਈਆਂ ਦੇ ਬਿਨਾਂ ਧੋਤੇ ਕੰਟੇਨਰਾਂ ਨੂੰ ਛੂਹਣਾ ਹੈ। ਇਸ ਲੀਫ਼ਲੈਟ (ਪਰਚੇ) ਵਿੱਚ ਦਿੱਤੀ ਗਈ ਜਾਣਕਾਰੀ ਨਾਲ ਤੁਹਾਨੂੰ ਕੀਟਨਾਸ਼ਕਾਂ ਨਾਲ ਸੁਰੱਖਿਆ ਨਾਲ ਕੰਮ ਕਰਨ ਵਿੱਚ ਸਹਾਇਤਾ ਮਿਲੇਗੀ।



## ਮੈਨੂੰ ਕੀਟਨਾਸ਼ਕਾਂ ਬਾਰੇ ਚਿੰਤਾ ਕਿਉਂ ਕਰਨੀ ਚਾਹੀਦੀ ਹੈ?

ਕੀਟਨਾਸ਼ਕ ਤੁਹਾਡੇ ਸ਼ਰੀਰ ਵਿੱਚ ਕਈ ਵੱਖ-ਵੱਖ ਤਰੀਕਿਆਂ ਨਾਲ ਪਰਵੇਸ਼ ਕਰ ਸਕਦੇ ਹਨ ਅਤੇ ਤੁਹਾਡੀ ਸਿਹਤ 'ਤੇ ਤੁਰੰਤ (ਗੰਭੀਰ) ਅਤੇ ਲੰਮੇ ਸਮੇਂ ਦੇ (ਗੰਭੀਰ) ਪ੍ਰਭਾਵ ਪਾ ਸਕਦੇ ਹਨ

- ਕੀਟਨਾਸ਼ਕ ਤੁਹਾਡੀ ਚਮੜੀ, ਮੂੰਹ, ਅੱਖਾਂ ਰਾਹੀਂ ਤੁਹਾਡੇ ਸਰੀਰ ਵਿੱਚ ਜਾ ਕੇ, ਜਾਂ ਤੁਹਾਡੇ ਸਾਹ ਨਾਲ ਤੁਹਾਡੇ ਫੇਫੜਿਆਂ ਵਿੱਚ ਜਾ ਕੇ ਤੁਹਾਨੂੰ ਬੀਮਾਰ ਕਰ ਸਕਦੇ ਹਨ।
- ਜੇ ਕੋਈ ਕੀਟਨਾਸ਼ਕ ਤੁਹਾਨੂੰ ਫੌਰਨ ਨੁਕਸਾਨ ਪਹੁੰਚਾਵੇ ਜਾਂ ਬੀਮਾਰ ਕਰ ਦੇਵੇ ਤਾਂ ਇਸਨੂੰ ਗੰਭੀਰ ਅਸਰ ਕਿਹਾ ਜਾਂਦਾ ਹੈ।
- ਜੇ ਤੁਹਾਡੇ ਬੀਮਾਰ ਹੋਣ ਤੋਂ ਪਹਿਲਾਂ ਲੰਮੇ ਸਮੇਂ ਤੱਕ (ਮਹੀਨੇ ਜਾਂ ਸਾਲ) ਤੁਹਾਡੇ 'ਤੇ ਕੀਟਨਾਸ਼ਕ ਦਾ ਅਸਰ ਰਹਿੰਦਾ ਹੈ, ਤਾਂ ਇਸਨੂੰ ਸਿਹਤ ਤੇ ਚਿਰਕਾਲੀ ਅਸਰ ਕਿਹਾ ਜਾਂਦਾ ਹੈ।

## ਕੀਟਨਾਸ਼ਕਾਂ 'ਤੇ ਲੱਗਿਆ ਹੋਇਆ ਲੇਬਲ ਮੈਨੂੰ ਕੀ ਦੱਸ ਸਕਦਾ ਹੈ?

ਬਹੁਤੇ ਲੇਬਲਾਂ 'ਤੇ ਸਾਹਮਣੇ ਵਾਲੇ ਪਾਸੇ ਵੱਡੇ ਅੱਖਰਾਂ ਵਿੱਚ ਇੱਕ ਵਿਸ਼ੇਸ਼ ਸ਼ਬਦ ਲਿਖਿਆ ਹੁੰਦਾ ਹੈ। ਉਹ ਤੁਹਾਨੂੰ ਦੱਸਦਾ ਹੈ ਕਿ ਤੁਹਾਡੀ ਸਿਹਤ ਲਈ ਕਿਹੜਾ ਗੰਭੀਰ ਖ਼ਤਰਾ ਹੈ।

ਜੋ ਸ਼ਬਦ ਤੁਸੀਂ ਸ਼ਾਇਦ ਵੇਖੋ, ਉਹ ਹਨ:

- **ਖ਼ਤਰਾ** ਜਾਂ **ਖ਼ਤਰਾ-ਜ਼ਹਿਰ**, ਇਸਦਾ ਮਤਲਬ ਹੈ ਕਿ ਇਹ ਕੀਟਨਾਸ਼ਕ ਬਹੁਤ ਜ਼ਿਆਦਾ ਹਾਨੀਕਾਰਕ ਹੈ।
- **ਚੇਤਾਵਨੀ**, ਇਸਦਾ ਮਤਲਬ ਹੈ ਕਿ ਇਹ ਕੀਟਨਾਸ਼ਕ ਮੱਧਮ ਦਰਜੇ ਦਾ ਹਾਨੀਕਾਰਕ ਹੈ।
- **ਸਾਵਧਾਨ,** ਇਹ ਕੀਟਨਾਸ਼ਕ ਘੱਟ ਨੁਕਸਾਨਦਾਇਕ ਹੈ, ਲੇਕਿਨ ਫੇਰ ਵੀ ਤੁਹਾਨੂੰ ਬਿਮਾਰ ਕਰ ਸਕਦਾ ਹੈ।

**ਸੁਰੱਖਿਆ ਸਬੰਧੀ ਸੁਝਾਅ 1**

**ਕੀਟਨਾਸ਼ਕਾਂ ਨੂੰ ਆਪਣੇ ਹੱਥਾਂ ਤੋਂ ਪਰੇ ਰੱਖੋ**


**ਖਾਣ, ਪੀਣ, ਚਿਊਂਗਮ ਚਬਾਉਣ, ਆਪਣਾ ਫੋਨ ਵਰਤਣ, ਤੰਮਾਕੂਨੋਸ਼ੀ ਕਰਨ, ਜਾਂ ਬਾਥਰੂਮ ਜਾਣ ਤੋਂ ਪਹਿਲਾਂ ਹਮੇਸ਼ਾਂ ਆਪਣੇ ਹੱਥ ਧੋਵੋ।**

ਜੇ ਲੇਬਲ 'ਤੇ ਇਨ੍ਹਾਂ ਵਿੱਚੋਂ ਕੋਈ ਵੀ ਸ਼ਬਦ ਨਹੀਂ, ਤਾਂ ਇਸਦਾ ਮਤਲਬ ਹੈ ਕਿ ਇਸ ਕੀਟਨਾਸ਼ਕ ਦੀ ਤੁਹਾਨੂੰ ਨੁਕਸਾਨ ਪਹੁੰਚਾਉਣ ਦੀ ਘੱਟ ਸੰਭਾਵਨਾ ਹੈ। ਫਿਰ ਵੀ, ਤੁਹਾਨੂੰ ਹਰ ਕੀਟਨਾਸ਼ਕ ਨੂੰ ਸਾਵਧਾਨੀ ਨਾਲ ਇਸਤੇਮਾਲ ਕਰਨਾ ਚਾਹੀਦਾ ਹੈ।

ਲੇਬਲ ਤੁਹਾਨੂੰ ਇਸ ਬਾਰੇ ਜਾਣਕਾਰੀ ਦਿੰਦਾ ਹੈ

- ਮੁੱਢਲੀ ਸਹਾਇਤਾ
- ਵਿਅਕਤੀਗਤ ਸੁਰੱਖਿਆ ਸਮੱਗਰੀ
- ਵਾਤਾਵਰਨ ਨੂੰ ਖ਼ਤਰੇ
- ਭੰਡਾਰਨ ਅਤੇ ਨਿਪਟਾਰਾ
- ਦੱਸੇ ਗਏ ਸਥਾਨਾਂ 'ਤੇ ਕੀਟਨਾਸ਼ਕ ਦਾ ਸੁਰੱਖਿਅਤ ਅਤੇ ਸਹੀ ਢੰਗ ਨਾਲ ਛਿੜਕਾਅ ਕਿਵੇਂ ਕਰੀਏ

ਤੁਹਾਡੇ ਲਈ ਲੇਬਲ 'ਤੇ ਦਿੱਤੀਆਂ ਹਿਦਾਇਤਾਂ ਅਨੁਸਾਰ ਹੀ ਕੀਟਨਾਸ਼ਕਾਂ ਦਾ ਇਸਤੇਮਾਲ ਕਰਨਾ ਲਾਜ਼ਮੀ ਹੈ। ਜੇਕਰ ਤੁਸੀਂ ਲੇਬਲ ਨੂੰ ਨਹੀਂ ਪੜ੍ਹ ਸਕਦੇ ਤਾਂ ਆਪਣੇ ਮਾਲਕ ਨੂੰ ਆਖੋ ਕਿ ਤੁਹਾਨੂੰ ਦੱਸੇ ਕਿ ਉਸ 'ਤੇ ਕੀ ਲਿਖਿਆ ਹੋਇਆ ਹੈ। ਤੁਹਾਡੀ ਸੁਰੱਖਿਆ ਲਈ, ਕੁਝ ਕੀਟਨਾਸ਼ਕਾਂ ਲਈ ਕੈਲੀਫ਼ੋਰਨੀਆ ਦੇ ਨਿਯਮ, ਲੇਬਲ 'ਤੇ ਦਿੱਤੇ ਨਿਯਮਾਂ ਦੇ ਮੁਕਾਬਲੇ ਹੋਰ ਵੀ ਜ਼ਿਆਦਾ ਸਖ਼ਤ ਹਨ। ਤੁਹਾਡੇ ਮਾਲਕ ਨੂੰ ਇਹਨਾਂ ਨਿਯਮਾਂ ਬਾਰੇ ਜਾਣਕਾਰੀ ਹੋਣੀ ਲਾਜ਼ਮੀ ਹੈ ਅਤੇ ਉਨ੍ਹਾਂ ਬਾਰੇ ਤੁਹਾਨੂੰ ਦੱਸਣਾ ਚਾਹੀਦਾ ਹੈ।




## ਲੇਬਲ ਮੈਨੂੰ ਹੋਰ ਕੀ ਦੱਸਦੇ ਹਨ?

- ਜੇਕਰ ਕੀਟਨਾਸ਼ਕ ਨਾਲ ਤੁਹਾਡੇ ਬਿਮਾਰ ਹੋਣ ਜਾਂ ਦੂਜਿਆਂ ਜਾਂ ਵਾਤਾਵਰਨ ਨੂੰ ਨੁਕਸਾਨ ਪਹੁੰਚਣ ਦਾ ਜ਼ਿਆਦਾ ਖ਼ਤਰਾ ਹੈ, ਤਾਂ ਲੇਬਲ 'ਤੇ **"ਪਾਬੰਦੀਸ਼ੁਦਾ ਵਰਤੋਂ ਵਾਲਾ ਕੀਟਨਾਸ਼ਕ"** ਲਿਖਿਆ ਹੋਵੇਗਾ।
- ਜੇਕਰ ਕੀਟਨਾਸ਼ਕ ਤੁਹਾਡੀਆਂ ਅੱਖਾਂ ਜਾਂ ਚਮੜੀ ਨੂੰ ਬਹੁਤ ਜ਼ਿਆਦਾ ਨੁਕਸਾਨ ਪਹੁੰਚਾ ਸਕਦਾ ਹੈ, ਤਾਂ ਲੇਬਲ 'ਤੇ **"ਜ਼ਹਿਰੀਲਾ"** ਜਾਂ **"ਅੱਖਾਂ ਅਤੇ ਚਮੜੀ ਨੂੰ ਨੁਕਸਾਨ ਪਹੁੰਚਾਉਂਦਾ ਹੈ"** ਲਿਖਿਆ ਹੋਵੇਗਾ।
- ਜੇਕਰ ਕੀਟਨਾਸ਼ਕ ਤੁਹਾਨੂੰ ਬਹੁਤ ਜ਼ਿਆਦਾ ਬਿਮਾਰ ਕਰ ਸਕਦਾ ਹੈ, ਤਾਂ ਲੇਬਲ 'ਤੇ **"ਜ਼ਹਿਰ"** ਅਤੇ ਖੋਪੜੀ-ਤੇ-ਹੱਡੀਆਂ ਦਾ ਨਿਸ਼ਾਨ ਬਣਿਆ ਹੋਵੇਗਾ।
- ਜੇਕਰ ਕੀਟਨਾਸ਼ਕ ਤੁਹਾਨੂੰ ਬਹੁਤ ਜ਼ਿਆਦਾ ਬਿਮਾਰ ਕਰ ਸਕਦਾ ਹੈ ਜਾਂ ਤੁਹਾਡੀ ਜਾਨ ਵੀ ਲੈ ਸਕਦਾ ਹੈ, ਤਾਂ ਲੇਬਲ 'ਤੇ **"ਜਾਨਲੇਵਾ"** ਜਾਂ **"ਨਿਗਲਣ, ਸਾਹ ਰਾਹੀਂ ਅੰਦਰ ਲੈਣ ਜਾਂ ਚਮੜੀ ਰਾਹੀਂ ਜਜ਼ਬ ਹੋਣ 'ਤੇ ਜਾਨਲੇਵਾ ਹੋ ਸਕਦਾ ਹੈ"** ਲਿਖਿਆ ਹੋਵੇਗਾ।

## ਮੈਨੂੰ ਕਿਹੜੇ ਸੁਰੱਖਿਆ ਨਿਯਮਾਂ ਦੀ ਪਾਲਣਾ ਕਰਨ ਦੀ ਲੋੜ ਹੈ?

### 1. ਸਥਿਤੀਆਂ 'ਤੇ ਧਿਆਨ ਦਿਓ

ਜਦੋਂ ਤੁਸੀਂ ਲੇਬਲ ਪੜ੍ਹ ਲਓ, ਤਾਂ ਸੰਵੇਦਨਸ਼ੀਲ ਫਸਲਾਂ, ਲੋਕਾਂ, ਇਮਾਰਤਾਂ, ਜਾਂ ਆਪਣੇ ਆਲੇ-ਦੁਆਲੇ ਦੇ ਸਕੂਲਾਂ ਜਿਹੀਆਂ ਚੀਜ਼ਾਂ ਲਈ ਆਪਣੇ ਇਸਤੇਮਾਲ ਦੀ ਸਥਿਤੀ (ਜਿਸ ਵਿੱਚ ਸ਼ਾਮਲ ਹੈ ਤੁਹਾਡਾ ਉਪਕਰਨ ਅਤੇ ਮੌਸਮ ਸਬੰਧੀ ਸਥਿਤੀਆਂ) 'ਤੇ ਧਿਆਨ ਦਿਓ। ਜੇਕਰ ਹਵਾ ਨਹੀਂ ਚੱਲ ਰਹੀ ਹੈ, ਤਾਂ ਕੀਟਨਾਸ਼ਕਾਂ ਦਾ ਇਸਤੇਮਾਲ ਖਤਰਨਾਕ ਹੋ ਸਕਦਾ ਹੈ ਕਿਉਂਕਿ ਕੀਟਨਾਸ਼ਕਾਂ ਦਾ ਅਸਰ ਹਵਾ ਵਿੱਚ ਬਣਿਆ ਰਹਿ ਸਕਦਾ ਹੈ। ਫਿਰ ਜਦੋਂ ਹਵਾ ਚੱਲਦੀ ਹੈ, ਤਾਂ ਕੀਟਨਾਸ਼ਕ ਹਵਾ ਦੇ ਨਾਲ ਉੱਡ ਸਕਦੇ ਹਨ। ਬਹੁਤ ਜ਼ਿਆਦਾ ਤੇਜ਼ ਹਵਾ ਨਾਲ ਕੀਟਨਾਸ਼ਕ ਲੋਕਾਂ 'ਤੇ ਪੈ ਕੇ ਉਹਨਾਂ ਨੂੰ ਬੀਮਾਰ ਕਰ ਸਕਦੇ ਹਨ ਜਾਂ ਹੋਰ ਫਸਲਾਂ 'ਤੇ ਜਾਕੇ ਉਹਨਾਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਇਨ੍ਹਾਂ ਸਥਿਤੀਆਂ 'ਤੇ ਵਿਚਾਰ ਕਰੋ ਅਤੇ ਕੀਟਨਾਸ਼ਕ ਦਾ ਇਸਤੇਮਾਲ ਕਰਨ ਤੋਂ ਪਹਿਲਾਂ ਇਹ ਫ਼ੈਸਲਾ ਕਰੋ ਕਿ ਕੀ ਇਹ ਸੁਰੱਖਿਅਤ ਹੈ, ਅਤੇ ਇਹ ਦੇਖਣ ਲਈ ਇਸਤੇਮਾਲ ਦੇ ਦੌਰਾਨ ਵੀ ਨਜ਼ਰ ਰੱਖੋ ਕਿ ਅਜੇ ਵੀ ਜਾਰੀ ਰੱਖਣਾ ਸੁਰੱਖਿਅਤ ਹੈ ਜਾਂ ਨਹੀਂ। ਜੇ ਤੁਹਾਨੂੰ ਇਹ ਸੁਰੱਖਿਅਤ ਨਹੀਂ ਲੱਗਦਾ ਹੈ, ਤਾਂ ਠਹਿਰੋ ਅਤੇ ਇਸਤੇਮਾਲ ਸ਼ੁਰੂ ਕਰਨ ਜਾਂ ਜਾਰੀ ਰੱਖਣ ਤੋਂ ਪਹਿਲਾਂ ਆਪਣੇ ਮਾਲਕ ਨਾਲ ਗੱਲ ਕਰੋ।




### 2. ਕੀਟਨਾਸ਼ਕਾਂ ਨੂੰ ਪਾਣੀ ਦੇ ਨਾਲ ਰਲਾਉਣ ਤੋਂ ਪਹਿਲਾਂ ਵਿਸ਼ੇਸ਼ ਸਾਵਧਾਨੀ ਵਰਤੋ

ਕੀਟਨਾਸ਼ਕ ਨੂੰ ਪਾਣੀ ਨਾਲ ਰਲਾਉਣ ਤੋਂ ਪਹਿਲਾਂ ਖੁੱਲ੍ਹੇ ਹੋਏ ਕੀਟਨਾਸ਼ਕ ਕੰਟੇਨਰਾਂ ਨੂੰ ਇੱਧਰ-ਉੱਧਰ ਲਿਜਾਣਾ, ਅਤੇ ਕੀਟਨਾਸ਼ਕਾਂ ਨੂੰ ਉਹਨਾਂ ਦੇ ਕੰਟੇਨਰਾਂ ਵਿੱਚੋਂ ਹੱਥ ਨਾਲ ਪਾਉਣਾ, ਕੀਟਨਾਸ਼ਕਾਂ ਨਾਲ ਕੰਮ ਕਰਨ ਦੇ ਸਭ ਤੋਂ ਵੱਧ ਖਤਰਨਾਕ ਤਰੀਕੇ ਹਨ। ਜਿਨ੍ਹਾਂ ਕੀਟਨਾਸ਼ਕਾਂ ਨੂੰ ਪਾਣੀ ਨਾਲ ਰਲਾਇਆ ਜਾਂਦਾ ਹੈ ਅਤੇ ਇਸਤੇਮਾਲ ਉਪਕਰਨ ਵਿੱਚ ਹੁੰਦੇ ਹਨ, ਉਹ ਘੱਟ ਖਤਰਨਾਕ ਹੋ ਸਕਦੇ ਹਨ, ਪਰ ਤਦ ਵੀ ਤੁਹਾਨੂੰ ਨੁਕਸਾਨ ਪਹੁੰਚਾ ਸਕਦੇ ਹਨ। ਇਨਾਂ ਜਾਂ ਕਿਸੇ ਵੀ ਕੀਟਨਾਸ਼ਕਾਂ ਨਾਲ ਕੰਮ ਕਰਦੇ ਸਮੇਂ, ਤੁਹਾਨੂੰ ਹਮੇਸ਼ਾ ਖੁਦ 'ਤੇ ਕੀਟਨਾਸ਼ਕ ਨੂੰ ਪੈਣ ਤੋਂ ਬਚਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

## 3. ਸਹੀ ਤਰ੍ਹਾਂ ਦੀਆਂ ਸੁਰੱਖਿਆ ਚੀਜ਼ਾਂ ਪਹਿਨੋ

ਤੁਹਾਡੇ ਮਾਲਕ ਲਈ ਤੁਹਾਨੂੰ ਨਿੱਜੀ ਸੁਰੱਖਿਆ ਉਪਕਰਨ ਦੇਣਾ ਜ਼ਰੂਰੀ ਹੈ, ਜਦੋਂ ਵੀ ਲੇਬਲ ਜਾਂ ਕੈਲੀਫ਼ੋਰਨੀਆ ਦੇ ਨਿਯਮਾਂ ਵੱਲੋਂ ਲੋੜੀਂਦਾ ਹੋਵੇ, ਅਤੇ ਤੁਹਾਨੂੰ ਦੱਸਣਾ ਜ਼ਰੂਰੀ ਹੈ ਕਿ ਕੀ ਪਹਿਨਣਾ ਹੈ। ਤੁਹਾਡੇ ਰੁਜ਼ਗਾਰਦਾਤਾ ਨੂੰ ਇਸ ਸੁਰੱਖਿਆ ਉਪਕਰਨ ਦੀ ਜਾਂਚ, ਸਫ਼ਾਈ ਅਤੇ ਲੋੜ ਅਨੁਸਾਰ ਮੁਰੰਮਤ ਜਾਂ ਬਦਲਣਾ ਯਕੀਨੀ ਬਣਾਉਣਾ ਚਾਹੀਦਾ ਹੈ। ਤੁਹਾਡੇ ਰੁਜ਼ਗਾਰਦਾਤਾ ਨੂੰ ਇਹ ਵੀ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇਸਨੂੰ ਕੀਟਨਾਸ਼ਕ-ਮੁਕਤ ਜਗ੍ਹਾ 'ਤੇ ਰੱਖਿਆ ਜਾਵੇ। ਤੁਹਾਨੂੰ ਦਿੱਤੇ ਗਏ ਉਪਕਰਨ ਨੂੰ ਸਹੀ ਢੰਗ ਨਾਲ ਪਹਿਨਣਾ ਲਾਜ਼ਮੀ ਹੈ। ਵਿਅਕਤੀਗਤ ਸੁਰੱਖਿਆ ਉਪਕਰਨਾਂ ਦੀ ਵਰਤੋਂ ਬਾਰੇ ਹੋਰ ਜਾਣਕਾਰੀ ਲਈ, ਆਪਣੇ ਰੁਜ਼ਗਾਰਦਾਤਾ ਤੋਂ A-3 ਸੁਰੱਖਿਆ ਪਰਚੇ ਦੀ ਇੱਕ ਕਾਪੀ ਮੰਗੋ।



### ਆਪਣੀਆਂ ਅੱਖਾਂ ਨੂੰ ਸੁਰੱਖਿਅਤ ਰੱਖਣਾ:

- ਜਦੋਂ ਤੁਸੀਂ ਕੀਟਨਾਸ਼ਕਾਂ ਨੂੰ ਰਲਾਉਂਦੇ, ਲੱਦਦੇ, ਜਾਂ ਇਸਤੇਮਾਲ ਕਰਦੇ ਹੋ; ਕੀਟਨਾਸ਼ਕਾਂ ਲਈ ਇਸਤੇਮਾਲ ਕੀਤੇ ਗਏ ਉਪਕਰਨ ਦੀ ਸਫਾਈ ਜਾਂ ਮੁਰੰਮਤ ਕਰਦੇ ਹੋ; ਅਤੇ ਕਿਸੇ ਵੀ ਸਮੇਂ ਜਿਵੇਂ ਲੇਬਲ 'ਤੇ ਲਿਖਿਆ ਹੋਵੇ, ਤੁਹਾਡੇ ਲਈ ਅੱਖਾਂ ਦੀ ਸੁਰੱਖਿਆ ਵਾਲੀਆਂ ਚੀਜ਼ਾਂ ਪਹਿਨਣਾ ਲਾਜ਼ਮੀ ਹੈ।
- ਲੇਬਲ ਤੁਹਾਨੂੰ ਦੱਸੇਗਾ ਕਿ ਤੁਹਾਨੂੰ ਕਿਸ ਤਰ੍ਹਾਂ ਦਾ ਸੁਰੱਖਿਆ ਗਿਅਰ ਪਹਿਨਣਾ ਚਾਹੀਦਾ ਹੈ। ਜੇਕਰ ਲੇਬਲ 'ਤੇ ਨਹੀਂ ਲਿਖਿਆ ਹੋਇਆ ਹੈ, ਤਾਂ ਅੱਖਾਂ ਦੀ ਸੁਰੱਖਿਆ ਲਈ ਸੁਰੱਖਿਆ ਐਨਕਾਂ (ਪੁੜਪੁੜੀ ਅਤੇ ਭਰਵੱਟਿਆਂ ਦੀ ਸੁਰੱਖਿਆ ਦੇ ਨਾਲ), ਧੁੱਪ ਦੀਆਂ ਐਨਕਾਂ, ਚਿਹਰੇ ਦੀ ਸ਼ੀਲਡ, ਜਾਂ ਫੁਲ-ਫੇਸ ਰੈਸਪੀਰੇਟਰ (ਸ਼ਵਾਸ ਯੰਤਰ) ਹੋ ਸਕਦੇ ਹਨ। ਪਾਇਲਟ ਅੱਖਾਂ ਦੀ ਸੁਰੱਖਿਆ ਲਈ ਹੇਠਾਂ ਕੀਤੀ ਚਿਹਰੇ ਦੀ ਸ਼ੀਲਡ ਵਾਲਾ ਹੈਲਮੇਟ ਵਰਤ ਸਕਦੇ ਹਨ।

ਆਮ ਐਨਕਾਂ ਅਤੇ ਧੁੱਪ ਦੀਆਂ ਐਨਕਾਂ ਪੂਰੀ ਸੁਰੱਖਿਆ ਮੁਹੱਈਆ ਨਹੀਂ ਕਰਦੀਆਂ। ਕੀਟਨਾਸ਼ਕ ਅਸਾਨੀ ਨਾਲ ਇਨ੍ਹਾਂ ਐਨਕਾਂ ਵਿੱਚੋਂ ਜਾ ਕੇ ਤੁਹਾਡੀਆਂ ਅੱਖਾਂ ਵਿੱਚ ਜਾ ਸਕਦੇ ਹਨ।

**ਦਸਤਾਨਾ ਸ਼੍ਰੇਣੀ ਚੋਣ ਕੁੰਜੀ**

| ਲੇਬਲ ਕੋਡ | ਕਨੂੰਨ ਦੁਆਰਾ ਲੋੜੀਂਦੀਆਂ ਸਮੱਗਰੀਆਂ |
|---|---|
| A | 1, 2, 3, 4, 5, 6, 7, 8 |
| B | 1, 2 |
| C | 1, 2, 3, 4, 7, 8 |
| D | 1, 2 |
| E | 1, 3, 4, 8 |
| F | 1, 2, 3, 8 |
| G | 1, 8 |
| H | 1, 8 |

**ਸਮੱਗਰੀ ਕੋਡ***

1 ਲੈਮੀਨੇਟ
2 ਬਿਊਟਾਇਲ
3 ਨਿਟ੍ਰਾਇਲ
4 ਨਿਓਪ੍ਰੀਨ
5 ਨੈਚੁਰਲ
6 ਪੋਲੀਐਥੀਲੀਨ
7 PVC
8 ਵਿਟੋਨ

*ਸਾਰੇ ਪਰ ਲੈਮੀਨੇਟ ਅਤੇ ਪੋਲੀਐਥੀਲੀਨ 14 ਮਿਲੀਮੀਟਰ ਜਾਂ ਗਾੜ੍ਹੇ ਹੋਣੇ ਚਾਹੀਦੇ ਹਨ

### ਆਪਣੇ ਹੱਥਾਂ ਨੂੰ ਸੁਰੱਖਿਅਤ ਰੱਖਣਾ:

ਆਪਣੇ ਹੱਥਾਂ ਨੂੰ ਕੀਟਨਾਸ਼ਕ ਤੋਂ ਬਚਾ ਕੇ ਰੱਖਣਾ, ਕੀਟਨਾਸ਼ਕਾਂ ਨਾਲ ਸੁਰੱਖਿਅਤ ਰੂਪ ਨਾਲ ਕੰਮ ਕਰਨ ਦਾ ਸਭ ਤੋਂ ਮੁਸ਼ਕਲ ਹਿੱਸਾ ਹੈ। ਜਦੋਂ ਕੀਟਨਾਸ਼ਕ ਤੁਹਾਡੇ ਹੱਥਾਂ 'ਤੇ ਪੈਂਦਾ ਹੈ, ਤਾਂ ਇਹ ਤੁਹਾਡੀਆਂ ਅੱਖਾਂ ਵਿੱਚ ਜਾ ਸਕਦਾ ਹੈ, ਜੇ ਤੁਸੀਂ ਉਹਨਾਂ ਨੂੰ ਮਲਦੇ ਹੋ ਜਾਂ ਤੁਹਾਡੇ ਮੂੰਹ ਵਿੱਚ ਜਾ ਸਕਦਾ ਹੈ, ਜੇ ਤੁਸੀਂ ਆਪਣੇ ਭੋਜਨ ਨੂੰ ਛੂੰਹਦੇ ਹੋ। ਕੀਟਨਾਸ਼ਕਾਂ ਨੂੰ ਇਸਤੇਮਾਲ ਕਰਨ ਤੋਂ ਬਾਅਦ ਅਤੇ ਖਾਣ, ਪੀਣ, ਚਿਉਂਗਮ ਚਬਾਉਣ, ਆਪਣਾ ਫੋਨ ਵਰਤਣ, ਤੰਮਾਕੂਨੋਸ਼ੀ ਕਰਨ, ਜਾਂ ਬਾਥਰੂਮ ਜਾਣ ਤੋਂ ਪਹਿਲਾਂ ਹਮੇਸ਼ਾਂ ਆਪਣੇ ਹੱਥ ਧੋਵੋ।

- ਜਦੋਂ ਤੁਸੀਂ ਕੀਟਨਾਸ਼ਕਾਂ ਨੂੰ ਰਲਾਉਂਦੇ, ਲੱਦਦੇ, ਜਾਂ ਇਸਤੇਮਾਲ ਕਰਦੇ ਹੋ; ਕੀਟਨਾਸ਼ਕਾਂ ਲਈ ਇਸਤੇਮਾਲ ਕੀਤੇ ਜਾਂਦੇ ਉਪਕਰਨ ਦੀ ਸਫਾਈ ਜਾਂ ਮੁਰੰਮਤ ਕਰਦੇ ਹੋ; ਅਤੇ ਕਿਸੇ ਵੀ ਸਮੇਂ ਜਿਵੇਂ ਲੇਬਲ 'ਤੇ ਲਿਖਿਆ ਹੋਵੇ, ਤੁਹਾਡੇ ਲਈ ਦਸਤਾਨੇ ਪਹਿਨਣਾ ਲਾਜ਼ਮੀ ਹੈ।
- ਲੇਬਲ ਤੁਹਾਨੂੰ ਦੱਸੇਗਾ ਕਿ ਤੁਹਾਨੂੰ ਕਿਸ ਤਰ੍ਹਾਂ ਦੇ ਦਸਤਾਨੇ ਪਹਿਨਣੇ ਚਾਹੀਦੇ ਹਨ। ਜੇ ਲੇਬਲ 'ਤੇ ਨਹੀਂ ਲਿਖਿਆ ਹੋਇਆ ਕਿ ਤੁਹਾਨੂੰ ਕਿਸ ਤਰ੍ਹਾਂ ਦੇ ਦਸਤਾਨਿਆਂ ਦੀ ਲੋੜ ਹੈ, ਤਾਂ ਤੁਹਾਡੇ ਲਈ ਰਸਾਇਣ-ਵਿਰੋਧੀ ਸਮੱਗਰੀ ਜਿਵੇਂ ਨਿਟਰਾਇਲ ਜਾਂ ਨਿਓਪਰੀਨ ਤੋਂ ਬਣੇ ਦਸਤਾਨੇ ਪਹਿਨਣੇ ਜ਼ਰੂਰੀ ਹਨ। ਤੁਸੀਂ ਕੀਟਨਾਸ਼ਕਾਂ ਦਾ ਇਸਤੇਮਾਲ ਕਰਦੇ ਸਮੇਂ ਪਤਲੇ ਨਿਪਟਾਰਾ ਕਰਨ ਯੋਗ ਦਸਤਾਨੇ ਨਹੀਂ ਵਰਤ ਸਕਦੇ। ਕਦੇ ਵੀ ਫੈਬਰਿਕ-ਲਾਈਨਿੰਗ ਵਾਲੇ ਜਾਂ ਚਮੜੇ ਦੇ ਦਸਤਾਨੇ ਨਾ ਪਹਿਨੋ, ਕੱਪੜੇ ਜਾਂ ਚਮੜੇ ਦੇ ਦਸਤਾਨੇ ਕਦੇ ਵੀ ਨਾ ਪਹਿਨੋ, ਜਦੋਂ ਤੱਕ ਲੇਬਲ ਜਾਂ ਹੋਰ ਨਿਯਮ ਤੁਹਾਨੂੰ ਖਾਸ ਤੌਰ 'ਤੇ ਇਸ ਦੀ ਇਜਾਜ਼ਤ ਨਾ ਦੇਣ।
- ਕੁਝ ਸਥਿਤੀਆਂ ਵਿੱਚ, ਲੇਬਲ ਲਿਖਿਆ ਹੋ ਸਕਦਾ ਹੈ ਕਿ ਤੁਸੀਂ ਦਸਤਾਨੇ ਨਾ ਪਹਿਨੋ। ਜੇ ਅਜਿਹਾ ਹੈ, ਤਾਂ ਉਹਨਾਂ ਨੂੰ ਨਾ ਪਹਿਨੋ।



### ਆਪਣੇ ਫੇਫੜਿਆਂ ਨੂੰ ਸੁਰੱਖਿਅਤ ਰੱਖਣਾ:

ਜਦੋਂ ਵੀ ਲੇਬਲ ਜਾਂ ਤੁਹਾਡੇ ਮਾਲਕ ਵੱਲੋਂ ਪਹਿਨਣ ਲਈ ਕਿਹਾ ਜਾਵੇ, ਜਾਂ ਜੇ ਤੁਸੀਂ ਉਹ ਕੀਟਨਾਸ਼ਕਾਂ ਨੂੰ ਰਲਾ, ਲੱਦ, ਜਾਂ ਇਸਤੇਮਾਲ ਕਰ ਰਹੇ ਹੋ, ਜੋ ਕੈਲੀਫ਼ੋਰਨੀਆ ਦੀ ਸੂਚੀ 'ਤੇ ਘੱਟ ਤੋਂ ਘੱਟ ਪ੍ਰਭਾਵ ਵਾਲੇ ਕੀਟਨਾਸ਼ਕ ਹਨ, ਤਾਂ ਤੁਹਾਡੇ ਲਈ ਰੈਸਪੀਰੇਟਰ (ਸ਼ਵਾਸ-ਯੰਤਰ) ਪਹਿਨਣਾ ਜ਼ਰੂਰੀ ਹੈ। ਆਪਣੇ ਮਾਲਕ ਨੂੰ ਰੈਸਪੀਰੇਟਰਾਂ (ਸ਼ਵਾਸ-ਯੰਤਰਾਂ) ਬਾਰੇ ਹੋਰ ਜਾਣਕਾਰੀ ਲਈ A-5 ਸੁਰੱਖਿਆ ਲੀਫ਼ਲੈਟ (ਪਰਚੇ) ਲਈ ਕਹੋ ਜਾਂ ਘੱਟ ਤੋਂ ਘੱਟ ਪ੍ਰਭਾਵ ਵਾਲੇ ਕੀਟਨਾਸ਼ਕਾਂ ਬਾਰੇ ਹੋਰ ਜਾਣਕਾਰੀ ਲਈ A-6 ਸੁਰੱਖਿਆ ਲੀਫ਼ਲੈਟ (ਪਰਚੇ) ਲਈ ਕਹੋ।

**ਆਪਣੇ ਸਰੀਰ ਨੂੰ ਸੁਰੱਖਿਅਤ ਰੱਖਣਾ:**

- ਜਦੋਂ ਤੁਸੀਂ ਅਜਿਹੇ ਕੀਟਨਾਸ਼ਕਾਂ ਨਾਲ ਕੰਮ ਕਰਦੇ ਹੋ ਜਿਨ੍ਹਾਂ ਦੇ ਲੇਬਲ 'ਤੇ 'ਖ਼ਤਰਾ' (DANGER) ਜਾਂ 'ਚੇਤਾਵਨੀ' (WARNING) ਸ਼ਬਦ ਲਿਖਿਆ ਹੋਵੇ, ਤਾਂ ਤੁਹਾਨੂੰ ਹਰ ਰੋਜ਼ ਆਪਣੇ ਰੁਜ਼ਗਾਰਦਾਤਾ ਵੱਲੋਂ ਪ੍ਰਦਾਨ ਕੀਤੇ ਗਏ ਸਾਫ਼ ਕਵਰਆਲ ਪਹਿਨਣੇ ਲਾਜ਼ਮੀ ਹਨ, ਬਸ਼ਰਤੇ ਕਿ ਲੇਬਲ 'ਤੇ ਕਵਰਆਲ ਨਾ ਪਹਿਨਣ ਦੀ ਹਦਾਇਤ ਨਾ ਹੋਵੇ। ਤੁਹਾਡੇ ਰੁਜ਼ਗਾਰਦਾਤਾ ਵੱਲੋਂ ਵਿਅਕਤੀਗਤ ਸੁਰੱਖਿਆ ਉਪਕਰਨ ਵਜੋਂ ਪ੍ਰਦਾਨ ਕੀਤੀ ਗਈ ਲੰਬੀ ਬਾਹਾਂ ਵਾਲੀ ਕਮੀਜ਼ ਅਤੇ ਲੰਬੀਆਂ ਪੈਂਟਾਂ ਵੀ ਇਸ ਜ਼ਰੂਰਤ ਨੂੰ ਪੂਰਾ ਕਰਦੀਆਂ ਹਨ।
- ਤੁਹਾਡੇ ਮਾਲਕ ਲਈ ਤੁਹਾਨੂੰ ਦੂਜੇ ਰਸਾਇਣ-ਪ੍ਰਤੀਰੋਧਕ ਕੱਪੜੇ ਅਤੇ ਉਪਕਰਨ (ਜਿਵੇਂ ਕਿ ਅਜਿਹਾ ਸੂਟ, ਜੋ ਤੁਹਾਡੇ ਸਰੀਰ ਨੂੰ ਢਕਦਾ ਹੋਵੇ, ਪੇਸ਼ਬੰਦ, ਪੈਰਾਂ ਅਤੇ ਸਿਰ ਦੀ ਸੁਰੱਖਿਆ) ਦੇਣੇ ਜ਼ਰੂਰੀ ਹਨ, ਜੇ ਲੇਬਲ ਜਾਂ ਦੂਜੇ ਨਿਯਮਾਂ ਵੱਲੋਂ ਉਹ ਲੋੜੀਂਦੇ ਹੋਣ।
- ਜੇ ਬਾਹਰ ਗਰਮੀ ਹੈ, ਤਾਂ ਰਸਾਇਣ-ਪ੍ਰਤੀਰੋਧਕ ਸੂਟ ਪਹਿਨਣਾ, ਜੋ ਤੁਹਾਡੇ ਸਰੀਰ ਨੂੰ ਢਕਦਾ ਹੋਵੇ, ਤੁਹਾਡੇ ਸਰੀਰ ਨੂੰ ਇੰਨਾ ਗਰਮ ਕਰ ਸਕਦਾ ਹੈ ਕਿ ਤੁਸੀਂ ਬੀਮਾਰ ਹੋ ਸਕਦੇ ਹੋ। ਜੇ ਲੇਬਲ ਜਾਂ DPR ਦੇ ਨਿਯਮ ਕਹਿੰਦੇ ਹਨ ਕਿ ਤੁਹਾਡੇ ਲਈ ਰਸਾਇਣ-ਪ੍ਰਤੀਰੋਧਕ ਸੂਟ ਪਹਿਨਣਾ ਜ਼ਰੂਰੀ ਹੈ, ਤਾਂ ਤੁਹਾਨੂੰ ਜ਼ਰੂਰੀ ਤੌਰ ਤੇ ਦਿਨ ਦੇ ਦੌਰਾਨ 80°F (27°C) ਤੋਂ ਵੱਧ ਤਾਪਮਾਨ ਜਾਂ ਰਾਤ ਨੂੰ 85°F (29°C) ਤੋਂ ਵੱਧ ਤਾਪਮਾਨ ਵਿੱਚ ਕੰਮ ਨਹੀਂ ਕਰਨਾ ਚਾਹੀਦਾ।
- ਤੁਹਾਡੇ ਲਈ ਬੰਦ ਮਿਸ਼ਰਣ ਪ੍ਰਣਾਲੀ ਦਾ ਇਸਤੇਮਾਲ ਕਰਨਾ ਜ਼ਰੂਰੀ ਹੈ, ਜੇ ਲੇਬਲ 'ਤੇ ਲਿਖਿਆ ਹੋਇਆ ਹੈ ਜਾਂ ਜੇ ਤੁਸੀਂ ਅਜਿਹੇ ਤਰਲ ਕੀਟਨਾਸ਼ਕਾਂ ਨੂੰ ਰਲਾਉਂਦੇ ਜਾਂ ਲੱਦਦੇ ਹੋ, ਜਿਨਹ੍ਹਾਂ ਦੇ ਲੇਬਲਾਂ 'ਤੇ ਵਿਸ਼ੇਸ਼ ਭਾਸ਼ਾ ਵਿੱਚ ਚਮੜੀ ਤੇ ਪਰ੍ਭਾਵ ਬਾਰੇ ਲਿਖਿਆ ਹੋਇਆ ਹੈ। ਬੰਦ ਮਿਸ਼ਰਣ ਪਰ੍ਣਾਲੀਆਂ ਬਾਰੇ ਹੋਰ ਜਾਣਕਾਰੀ ਲਈ ਆਪਣੇ ਮਾਲਕ ਤੋਂ A-3 ਸੁਰੱਖਿਆ ਲੀਫ਼ਲੈਟ (ਪਰਚੇ) ਲਈ ਕਹੋ।



## 4. ਸਰੀਰ ਤੋਂ ਕੀਟਨਾਸ਼ਕ ਹਟਾਉਣਾ ਅਤੇ ਸਾਫ਼ ਕੱਪੜੇ ਬਦਲਣਾ

ਤੁਹਾਡੇ ਮਾਲਕ ਲਈ ਤੁਹਾਡੇ ਨਿੱਜੀ ਕੱਪੜੇ ਵਰਤੋਂ ਵਿੱਚ ਨਾ ਹੋਣ ਤੇ ਉਹਨਾਂ ਨੂੰ ਸਾਂਭਣ ਲਈ, ਅਤੇ ਜਦੋਂ ਤੁਸੀਂ ਦਿਨ ਲਈ ਕੀਟਨਾਸ਼ਕਾਂ ਦਾ ਇਸਤੇਮਾਲ ਕਰ ਲਵੋ, ਤਾਂ ਜਿੱਥੇ ਤੁਸੀਂ ਕੱਪੜੇ ਬਦਲ ਸਕਦੇ ਹੋ ਅਤੇ ਨਹਾ ਸਕਦੇ ਹੋ, ਤੁਹਾਨੂੰ ਸਾਫ਼, ਕੀਟਨਾਸ਼ਕ-ਮੁਕਤ ਥਾਂ ਮੁਹੱਈਆ ਕਰਨਾ ਜ਼ਰੂਰੀ ਹੈ।

ਤੁਹਾਡੇ ਮਾਲਕ ਲਈ ਰਲਾਉਣ ਅਤੇ ਲੱਦਣ, ਦੋਵੇਂ ਸਾਈਟ 'ਤੇ ਅਤੇ ਜਿੱਥੇ ਤੁਸੀਂ ਕੰਮ ਕਰ ਰਹੇ ਹੋ, ਦੇ 1/4 ਮੀਲ ਦੇ ਅੰਦਰ, ਵਾਧੂ ਉੱਪਰੀ ਪੁਸ਼ਾਕਾਂ, ਸਾਫ਼ ਪਾਣੀ, ਸਾਬੁਣ, ਅਤੇ ਪੇਪਰ ਤੌਲੀਏ ਰੱਖਣੇ ਜ਼ਰੂਰੀ ਹਨ।

ਜੇ ਲੇਬਲ 'ਤੇ ਲਿਖਿਆ ਹੋਇਆ ਹੈ ਕਿ ਤੁਸੀਂ ਅੱਖਾਂ ਦੀਆਂ ਸੁਰੱਖਿਆ ਵਾਲੀਆਂ ਚੀਜ਼ਾਂ ਪਹਿਨੋ, ਤਾਂ ਤੁਹਾਡੀ ਅੱਖਾਂ ਨੂੰ ਧੋਣ ਵਾਲੇ ਪਾਣੀ ਤੱਕ ਤੁਰੰਤ ਪਹੁੰਚ ਹੋਣੀ ਜ਼ਰੂਰੀ ਹੈ ਤਾਂ ਜੋ ਤੁਸੀਂ ਆਪਣੀਆਂ ਅੱਖਾਂ ਨੂੰ ਧੋ ਸਕੋਂ, ਜੇ ਕੋਈ ਦੁਰਘਟਨਾ ਹੋਵੇ (ਤੁਹਾਡੇ ਲਈ ਅੱਖਾਂ ਨੂੰ ਧੋਣ ਵਾਲਾ ਪਾਣੀ ਆਪਣੇ ਨਾਲ ਰੱਖਣਾ ਜ਼ਰੂਰੀ ਹੈ ਜਾਂ ਇਹ ਇਸਤੇਮਾਲ ਵਾਹਨ ਵਿੱਚ ਹੋਣਾ ਜ਼ਰੂਰੀ ਹੈ)। ਰਲਾਉਣ ਅਤੇ ਲੱਦਣ ਦੀ ਥਾਂ 'ਤੇ, 15 ਮਿੰਟਾਂ ਤੱਕ ਪਾਣੀ ਨਾਲ ਆਪਣੀਆਂ ਅੱਖਾਂ ਧੋਣ ਲਈ ਅੱਖਾਂ ਨੂੰ ਧੋਣ ਵਾਲਾ ਸਟੇਸ਼ਨ ਬਣਿਆ ਹੋਣਾ ਵੀ ਜ਼ਰੂਰੀ ਹੈ।



## ਕੀਟਨਾਸ਼ਕਾਂ ਨਾਲ ਸੁਰੱਖਿਅਤ ਰੂਪ ਨਾਲ ਕੰਮ ਕਰਨ ਬਾਰੇ ਮੈਂ ਕਿਵੇਂ ਸਿੱਖਾਂ?

ਕੈਲੀਫ਼ੋਰਨੀਆ ਦੇ ਕਨੂੰਨ ਦੇ ਅਨੁਸਾਰ ਪਹਿਲੀ ਵਾਰ ਕੀਟਨਾਸ਼ਕਾਂ ਦਾ ਇਸਤੇਮਾਲ ਕਰਨ ਤੋਂ ਪਹਿਲਾਂ ਅਤੇ ਉਸਦੇ ਬਾਅਦ ਹਰ ਸਾਲ ਤੁਹਾਡੇ ਲਈ ਸਿੱਖਿਅਤ ਹੋਣਾ ਜ਼ਰੂਰੀ ਹੈ। ਸੁਰੱਖਿਆ ਲੀਫ਼ਲੈਟ A-2 ਤੋਂ A-10 ਵਿੱਚ ਵੀ ਸਹਾਇਕ ਜਾਣਕਾਰੀ ਮੁਹੱਈਆ ਕੀਤੀ ਜਾਂਦੀ ਹੈ, ਜਿਸ ਬਾਰੇ ਤੁਹਾਨੂੰ ਸਿੱਖਿਅਤ ਕਰਨਾ ਜ਼ਰੂਰੀ ਹੈ। ਤੁਹਾਡੀ ਕੀਟਨਾਸ਼ਕ ਇਸਤੇਮਾਲ ਟ੍ਰੇਨਿੰਗ ਤੁਹਾਡੀ ਸਮਝ ਵਿੱਚ ਆਉਣ ਵਾਲੇ ਤਰੀਕੇ ਨਾਲ, ਬਿਨਾਂ ਵਿਘਨ ਵਾਲੇ ਸਥਾਨ 'ਤੇ ਦਿੱਤੀ ਜਾਣੀ ਜ਼ਰੂਰੀ ਹੈ, ਸਮੁੱਚਾ ਸਮਾਂ ਤੁਹਾਡਾ ਸਿੱਖਿਅਕ ਮੌਜੂਦ ਹੋਣਾ ਜ਼ਰੂਰੀ ਹੈ।

ਇਸਤੋਂ ਇਲਾਵਾ, ਹਰ ਕੀਟਨਾਸ਼ਕ (ਜਾਂ ਉਨ੍ਹਾਂ ਕੀਟਨਾਸ਼ਕਾਂ ਦਾ ਸਮੂਹ, ਜਿਨ੍ਹਾਂ ਵਿੱਚ ਇੱਕੋ ਜਿਹੇ ਰਸਾਇਣ ਹੁੰਦੇ ਹਨ) ਲਈ, ਤੁਹਾਡੀ ਟ੍ਰੇਨਿੰਗ ਵਿੱਚ ਇਹ ਸਾਰੀਆਂ ਚੀਜ਼ਾਂ ਸ਼ਾਮਲ ਹੋਣੀਆਂ ਜ਼ਰੂਰੀ ਹਨ:




### ਸਿਹਤ ਸਬੰਧੀ ਪ੍ਰਭਾਵ:

- ਕੀਟਨਾਸ਼ਕ ਕਿੱਥੇ ਅਤੇ ਕਿਵੇਂ ਤੁਹਾਡੇ ਸਰੀਰ ਵਿੱਚ ਜਾ ਸਕਦੇ ਹਨ ਜਾਂ ਤੁਹਾਨੂੰ ਬੀਮਾਰ ਕਰ ਸਕਦੇ ਹਨ।
- ਜੇ ਕੀਟਨਾਸ਼ਕ ਤੁਹਾਡੇ ਸਰੀਰ ਦੇ ਅੰਦਰ ਚਲੇ ਜਾਣ ਜਾਂ ਤੁਹਾਡੇ ਉੱਤੇ ਪੈ ਜਾਣ ਤਾਂ ਤੁਹਾਨੂੰ ਕਿਹੋ ਜਿਹਾ ਮਹਿਸੂਸ ਹੋ ਸਕਦਾ ਹੈ ਜਾਂ ਤੁਸੀਂ ਕਿਸ ਤਰ੍ਹਾਂ ਦਿਖਾਈ ਦੇ ਸਕਦੇ ਹੋ।
- ਗਰਮੀ ਨਾਲ ਸਬੰਧਿਤ ਬੀਮਾਰੀ ਨੂੰ ਕਿਵੇਂ ਰੋਕਿਆ ਜਾਵੇ, ਜੇ ਤੁਸੀਂ ਗਰਮੀ ਨਾਲ ਬੀਮਾਰ ਹੁੰਦੇ ਹੋ ਤਾਂ ਤੁਹਾਨੂੰ ਕਿਹੋ ਜਿਹਾ ਮਹਿਸੂਸ ਹੋ ਸਕਦਾ ਹੈ ਜਾਂ ਤੁਸੀਂ ਕਿਸ ਤਰ੍ਹਾਂ ਦਿਖਾਈ ਦੇ ਸਕਦੇ ਹੋ, ਅਤੇ ਇਸ ਬੀਮਾਰੀ ਲਈ ਫਸਟ ਏਡ ਕੀ ਹੈ।
- ਜੇ ਤੁਹਾਡੇ ਉੱਤੇ ਕੀਟਨਾਸ਼ਕ ਪੈ ਜਾਏ ਤਾਂ ਖੁਦ ਦੀ ਸਫ਼ਾਈ ਕਰਨ ਦੇ ਤਰੀਕੇ।
- ਜਦੋਂ ਤੁਸੀਂ ਕੁਝ ਕੀਟਨਾਸ਼ਕਾਂ ਨਾਲ ਕੰਮ ਕਰਦੇ ਹੋ, ਤਾਂ ਵਿਸ਼ੇਸ਼ ਮੈਡੀਕਲ ਦੇਖਭਾਲ ਦੀ ਲੋੜ ਕਿਉਂ ਹੁੰਦੀ ਹੈ (ਇਸ ਬਾਰੇ ਹੋਰ ਜਾਣਕਾਰੀ A-10 ਸੁਰੱਖਿਆ ਲੀਫ਼ਲੈਟ (ਪਰਚੇ) ਵਿੱਚ ਹੈ)।
- ਕੀਟਨਾਸ਼ਕ ਦੇ ਖ਼ਤਰੇ, ਇਨ੍ਹਾਂ ਵਿੱਚ ਤੁਰੰਤ ਅਤੇ ਬਾਅਦ ਵਿੱਚ ਹੋਣ ਵਾਲੇ ਪ੍ਰਭਾਵ ਸ਼ਾਮਲ ਹਨ।

### ਐਮਰਜੈਂਸੀ ਵਿੱਚ ਕੀ ਕਰਨਾ ਚਾਹੀਦਾ ਹੈ:

- ਫਸਟ ਏਡ, ਐਮਰਜੈਂਸੀ ਸ਼ੁਧੀਕਰਨ, ਅਤੇ ਅੱਖਾਂ ਨੂੰ ਧੋਣ ਦੀਆਂ ਤਕਨੀਕਾਂ (ਇਸ ਬਾਰੇ ਹੋਰ ਜਾਣਕਾਰੀ A-4 ਸੁਰੱਖਿਆ ਲੀਫ਼ਲੈਟ (ਪਰਚੇ) ਵਿੱਚ ਹੈ)।
- ਐਮਰਜੈਂਸੀ ਮੈਡੀਕਲ ਦੇਖਭਾਲ ਕਿਵੇਂ ਅਤੇ ਕਿੱਥੋਂ ਪ੍ਰਾਪਤ ਕੀਤੀ ਜਾਵੇ।



### ਨਿੱਜੀ ਸੁਰੱਖਿਆ ਉਪਕਰਨ (PPE):

- ਤੁਹਾਨੂੰ PPE ਪਹਿਨਣ ਦੀ ਲੋੜ ਕਿਉਂ ਹੈ।
- PPE ਦੀ ਸਹੀ ਵਰਤੋਂ ਅਤੇ ਦੇਖਭਾਲ ਕਿਵੇਂ ਕੀਤੀ ਜਾਵੇ।
- ਕਿਹੜਾ PPE ਇਨ੍ਹਾਂ ਤੋਂ ਤੁਹਾਡੀ ਸੁਰੱਖਿਆ ਕਰ ਸਕਦਾ ਹੈ ਅਤੇ ਕਿਹੜਾ ਨਹੀਂ।

### ਕੀਟਨਾਸ਼ਕ ਤੋਂ ਸੁਰੱਖਿਆ:

- ਜਦੋਂ ਤੁਸੀਂ ਕੀਟਨਾਸ਼ਕਾਂ ਦਾ ਇਸਤੇਮਾਲ ਕਰੋ ਤਾਂ ਲੋਕਾਂ, ਜਾਨਵਰਾਂ, ਅਤੇ ਪ੍ਰਾਪਰਟੀ ਦੀ ਸੁਰੱਖਿਆ, ਅਤੇ ਕੀਟਨਾਸ਼ਕਾਂ ਦਾ ਇਸਤੇਮਾਲ ਇਸ ਤਰ੍ਹਾਂ ਨਾ ਕਰਨ ਦੀ ਜ਼ਿੰਮੇਵਾਰੀ ਤੁਹਾਡੀ ਹੁੰਦੀ ਹੈ, ਜਿਸ ਨਾਲ ਲੋਕ ਸੰਪਰਕ ਵਿੱਚ ਆ ਸਕਦੇ ਹਨ, ਜੋ ਇਸਤੇਮਾਲ ਵਿੱਚ ਸ਼ਾਮਲ ਨਹੀਂ ਹਨ।
- ਲੇਬਲ 'ਤੇ ਦਿੱਤੀਆਂ ਸੁਰੱਖਿਆ ਸਟੇਟਮੈਂਟਾਂ ਦਾ ਮਤਲਬ।
- ਕੀਟਨਾਸ਼ਕਾਂ ਦਾ ਇਸਤੇਮਾਲ ਕਰਨ ਲਈ ਸੁਰੱਖਿਆ ਨਿਯਮ (ਜਿਨ੍ਹਾਂ ਵਿੱਚ ਬੰਦ ਮਿਸ਼ਰਣ ਪ੍ਰਣਾਲੀਆਂ ਅਤੇ ਬੰਦ ਗੱਡੀਆਂ, ਕੀਟਨਾਸ਼ਕ ਨਿਪਟਾਰਾ, ਅਤੇ ਡੁੱਲ੍ਹੇ ਹੋਏ ਕੀਟਨਾਸ਼ਕਾਂ ਦੀ ਸਫਾਈ ਕਰਨਾ ਸ਼ਾਮਲ ਹਨ)।

- ਖੇਤਰੀ ਪੋਸਟਿੰਗ ਸ਼ਰਤਾਂ ਅਤੇ ਦਾਖਲੇ ਦੀ ਪਾਬੰਦੀ ਵਾਲੇ ਵਕਫ਼ੇ।
- ਲੇਬਲਾਂ, ਸੁਰੱਖਿਆ ਪਰਚਿਆਂ ਅਤੇ ਸੁਰੱਖਿਆ ਡਾਟਾ ਸ਼ੀਟਾਂ (SDSs) ਵਿੱਚ ਦਿੱਤੀ ਗਈ ਖ਼ਤਰੇ ਦੀ ਜਾਣਕਾਰੀ। SDSs ਤੁਹਾਨੂੰ ਕੀਟਨਾਸ਼ਕ ਦੇ ਖ਼ਤਰਿਆਂ, ਡਾਕਟਰੀ ਇਲਾਜ ਅਤੇ ਹੋਰ ਜਾਣਕਾਰੀ ਬਾਰੇ ਦੱਸਦੇ ਹਨ।
- ਕਿਸੇ ਕੀਟਨਾਸ਼ਕ ਦੇ ਪਾਬੰਦੀਸ਼ੁਦਾ ਹੋਣ ਦਾ ਪਤਾ ਕਿਵੇਂ ਲਗਾਇਆ ਜਾਵੇ, ਅਤੇ ਜੇਕਰ ਇਹ ਪਾਬੰਦੀਸ਼ੁਦਾ ਹੈ ਤਾਂ ਤੁਹਾਨੂੰ ਕਿਹੜੀ ਵਾਧੂ ਜਾਣਕਾਰੀ ਪਤਾ ਹੋਣੀ ਚਾਹੀਦੀ ਹੈ।
- ਤੁਹਾਨੂੰ ਕੀਟਨਾਸ਼ਕ ਜਾਂ ਕੀਟਨਾਸ਼ਕ ਦੇ ਡੱਬੇ ਕੰਮ ਤੋਂ ਘਰ ਕਿਉਂ ਨਹੀਂ ਲੈ ਕੇ ਜਾਣੇ ਚਾਹੀਦੇ।
- ਤੁਹਾਨੂੰ ਕੀਟਨਾਸ਼ਕਾਂ ਨੂੰ ਖਾਣੇ ਜਾਂ ਪੀਣ ਵਾਲੇ ਪਦਾਰਥਾਂ ਦੇ ਡੱਬੇ ਵਿੱਚ ਕਦੇ ਵੀ ਕਿਉਂ ਨਹੀਂ ਪਾਉਣਾ ਚਾਹੀਦਾ
- ਬੱਚਿਆਂ ਅਤੇ ਗਰਭਵਤੀ ਇਸਤਰੀਆਂ ਨੂੰ ਸੰਭਾਵੀ ਖ਼ਤਰੇ, ਜਿਨ੍ਹਾਂ ਵਿੱਚ ਸ਼ਾਮਲ ਹਨ, ਬੱਚਿਆਂ ਅਤੇ ਪਰਿਵਾਰ ਦੇ ਸਦੱਸਾਂ ਨੂੰ ਇਸਤੇਮਾਲ ਵਾਲੇ ਖੇਤਰਾਂ ਤੋਂ ਦੂਰ ਰੱਖਣਾ, ਆਪਣੇ ਘਰ ਵਿੱਚ ਦਾਖ਼ਲ ਹੋਣ ਤੋਂ ਪਹਿਲਾਂ ਬੂਟ ਜਾਂ ਜੁੱਤੀਆਂ ਉਤਾਰਨਾ, ਅਤੇ ਆਪਣੇ ਪਰਿਵਾਰ ਦੇ ਸਦੱਸਾਂ ਦੇ ਸੰਪਰਕ ਵਿੱਚ ਆਉਣ ਤੋਂ ਪਹਿਲਾਂ ਆਪਣੇ ਕੰਮ ਵਾਲੇ ਕੱਪੜੇ ਉਤਾਰਨਾ ਅਤੇ ਹੱਥ-ਮੂੰਹ ਧੋਣਾ ਜਾਂ ਨਹਾਉਣਾ।
- ਵਾਤਾਵਰਣ ਨੂੰ ਕੀਟਨਾਸ਼ਕਾਂ ਦੇ ਖ਼ਤਰੇ, ਜਿਵੇਂ ਵਹਾਅ, ਰਨ-ਆਫ਼, ਜਾਂ ਵਾਇਲਡ-ਲਾਇਫ਼ ਖ਼ਤਰੇ।

## ਮੁਲਾਜ਼ਮ ਵਜੋਂ ਮੇਰੇ ਕੀ ਹੱਕ ਹਨ?

ਇੱਕ ਮੁਲਾਜ਼ਮ ਵਜੋਂ ਤੁਹਾਡੇ ਇਹ ਹੱਕ ਹਨ:

- ਇਹ ਜਾਣਨਾ ਕਿ ਤੁਸੀਂ ਕੀਟਨਾਸ਼ਕਾਂ, ਨੌਕਰੀ ਦੀ ਸੁਰੱਖਿਆ ਬਾਰੇ ਜਾਣਕਾਰੀ, ਸੁਰੱਖਿਆ ਲੀਫ਼ਲੈਟਾਂ ਅਤੇ SDS ਬਾਰੇ ਹੋਰ ਜਾਣਕਾਰੀ ਕਿੱਥੋਂ ਪ੍ਰਾਪਤ ਕਰ ਸਕਦੇ ਹੋ।
- ਤੁਹਾਡੇ ਚਿਕਿਤਸਕ ਜਾਂ ਅਧਿਕਾਰਤ ਨੁਮਾਇੰਦੇ ਨੂੰ ਉਹਨਾਂ ਕੀਟਨਾਸ਼ਕਾਂ ਬਾਰੇ ਜਾਣਕਾਰੀ ਦੇਣਾ, ਜਿਨ੍ਹਾਂ ਦਾ ਤੁਹਾਡੇ 'ਤੇ ਪ੍ਰਭਾਵ ਹੋਇਆ ਹੋ ਸਕਦਾ ਹੈ।
- ਤੁਹਾਡੇ ਵੱਲੋਂ ਇਨ੍ਹਾਂ ਹੱਕਾਂ ਦਾ ਇਸਤੇਮਾਲ ਕਰਨ ਲਈ ਬਦਲੇ ਤੋਂ ਰੱਖਿਆ ਕੀਤੇ ਜਾਣਾ।
- ਕੀਟਨਾਸ਼ਕ ਸਬੰਧੀ ਸ਼ੱਕੀ ਸਮੱਸਿਆਵਾਂ ਬਾਰੇ ਕਾਉਂਟੀ ਦੇ ਖੇਤੀਬਾੜੀ ਕਮਿਸ਼ਨਰ ਜਾਂ ਕੀਟਨਾਸ਼ਕ ਦੇ ਕਾਨੂੰਨਾਂ ਅਤੇ ਨਿਯਮਾਂ ਬਾਰੇ ਵਿਭਾਗ (DPR) ਨੂੰ ਰਿਪੋਰਟ ਕਰਨਾ।



ਜੇ ਤੁਹਾਨੂੰ ਆਪਣੀ ਟ੍ਰੇਨਿੰ ਗ ਵਿੱਚ ਲੋੜੀਂਦੀ ਸਾਰੀ ਜਾਣਕਾਰੀ ਨਹੀਂ ਮਿਲਦੀ ਜਾਂ ਤੁਸੀਂ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਬਾਰੇ ਸ਼ਿਕਾਇਤ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਹੋਰ ਜਾਣਕਾਰੀ ਲਈ ਆਪਣੇ ਕਾਉਂਟੀ ਦੇ ਐਗਰੀਕਲਚਰ ਕਮਿਸ਼ਨਰ ਜਾਂ ਡੀਪੀਆਰ ਨੂੰ ਫ਼ੋਨ ਕਰਨਾ ਚਾਹੀਦਾ ਹੈ। ਤੁਹਾਨੂੰ ਆਪਣੀ ਸਥਾਨਕ ਸਫੈਦ ਪੰਨਿਆਂ ਦੀਂ ਫੋਨ ਡਾਇਰੈਕਟਰੀ ਵਿੱਚ ਕਮਿਸ਼ਨਰ ਦਾ ਨੰਬਰ ਲੇਵੋ

https://www.cdfa.ca.gov/exec/county/countymap/

**ਡੀਪੀਆਰ ਦੇ ਖੇਤਰੀ ਦਫਤਰ ਹਨ:**

- **ਉੱਤਰੀ (ਵੈਸਟ ਸੈਕਰਾਮੈਂਟੋ) (916) 376-8960**
- **ਸੈਂਟਰਲ (ਕਲੋਇਸ) (559) 297-3511**
- **ਦੱਖਣੀ (ਐਨਾਹਾਇਮ) (714) 279-7690**

**ਕੀਟਨਾਸ਼ਕ ਬਾਰੇ ਸ਼ਿਕਾਇਤ ?**

**1-87PestLine**

**ਜਾਣਕਾਰੀ ਲਾਈਨ**

**1-877-378-5463**

ਸੁਰੱਖਿਆ ਸਬੰਧੀ ਲੀਫ਼ਲੈਟ (ਪਰਚੇ) ਇੱਥੇ ਉਪਲੱਬਧ ਹਨ:
www.cdpr.ca.gov/worker-health-and-safety/education-series

# ਖੇਤੀਬਾੜੀ ਵਾਲੀਆਂ ਥਾਂਵਾਂ ਵਿੱਚ ਕੀਟਨਾਸ਼ਕਾਂ ਨੂੰ ਸਾਂਭਣਾ, ਇਧਰ-ਉਧਰ ਲੈ ਜਾਣਾ-ਲਿਜਾਣਾ, ਅਤੇ ਨਿਪਟਾਰਾ ਕਰਨਾ




**ਕੀਟਨਾਸ਼ਕ ਜ਼ਹਿਰੀਲੇ ਹੁੰਦੇ ਹਨ ਅਤੇ ਉਹਨਾਂ ਨੂੰ ਸਾਵਧਾਨੀ ਨਾਲ ਭੰਡਾਰ ਕੀਤਾ, ਲਿਜਾਇਆ ਅਤੇ ਨਿਪਟਾਇਆ ਜਾਣਾ ਚਾਹੀਦਾ ਹੈ। ਕੀਟਨਾਸ਼ਕ ਵਾਤਾਵਰਨ ਲਈ ਅਤੇ ਦੂਜੇ ਲੋਕਾਂ, ਖ਼ਾਸ ਕਰਕੇ ਬੱਚਿਆਂ ਲਈ ਖ਼ਤਰਨਾਕ ਹਨ।** ਜੇ ਤੁਸੀਂ ਇਸ ਲੀਫ਼ਲੈਟ (ਪਰਚੇ) ਵਿੱਚ ਹਿਦਾਇਤਾਂ ਦੀ ਪਾਲਣਾ ਕਰਦੇ ਹੋ, ਤਾਂ ਤੁਸੀਂ ਕੀਟਨਾਸ਼ਕਾਂ ਨਾਲ ਹੋਣ ਵਾਲੀਆਂ ਦੁਰਘਟਨਾਵਾਂ ਨੂੰ ਰੋਕਣ ਵਿੱਚ ਮਦਦ ਕਰ ਸਕਦੇ ਹੋ।

## ਕੀਟਨਾਸ਼ਕ ਦੀ ਸੁਰੱਖਿਅਤ ਸਾਂਭ

ਕੋਈ ਕੰਮ ਉਦੋਂ ਤੱਕ ਪੂਰਾ ਨਹੀਂ ਹੁੰਦਾ, ਜਦੋਂ ਤੱਕ ਕੀਟਨਾਸ਼ਕਾਂ, ਕੰਟੇਨਰਾਂ, ਅਤੇ ਉਪਕਰਨ ਨੂੰ ਸਹੀ ਤਰ੍ਹਾਂ ਨਹੀਂ ਹਟਾਇਆ ਜਾਂਦਾ। ਸਫ਼ਾਈ ਕਰਨ ਅਤੇ ਘਰ ਜਾਣ, ਜਾਂ ਅਗਲੇ ਕੰਮ ਤੇ ਜਾਣ ਤੋਂ ਪਹਿਲਾਂ ਹਮੇਸ਼ਾ ਆਪਣੀਆਂ ਸਾਰੀਆਂ ਸਮੱਗਰੀਆਂ ਨੂੰ ਸਾਂਭਣਾ ਯਾਦ ਰੱਖੋ। ਜਦੋਂ ਤੁਸੀਂ ਸਫਾਈ ਕਰ ਰਹੇ ਹੋਵੋ ਅਤੇ ਕੀਟਨਾਸ਼ਕਾਂ, ਕੰਟੇਨਰਾਂ, ਅਤੇ ਉਪਕਰਨ ਨੂੰ ਹਟਾ ਰਹੇ ਹੋਵੋ, ਤਾਂ ਤੁਹਾਡੇ ਲਈ ਸਾਰੇ ਨਿੱਜੀ ਸੁਰੱਖਿਆ ਉਪਕਰਨ (PPE) ਪਹਿਨਣਾ ਜ਼ਰੂਰੀ ਹੈ, ਜੋ ਤੁਸੀਂ ਕੰਮ ਤੇ ਵਰਤਦੇ ਹੋ। ਦਸਤਾਨੇ ਅਤੇ ਦੂਜਾ ਸੁਰੱਖਿਆ ਉਪਕਰਨ ਪਹਿਨਣ ਤੇ ਵਿਚਾਰ ਕਰੋ, ਭਾਵੇਂ ਲੇਬਲ 'ਤੇ ਉਹਨਾਂ ਦੀ ਲੋੜ ਕਰਨ ਬਾਰੇ ਨਾ ਦਿੱਤਾ ਗਿਆ ਹੋਵੇ। ਕੀਟਨਾਸ਼ਕਾਂ ਨੂੰ ਹਟਾਉਣ ਵੇਲੇ ਉਨ੍ਹਾਂ ਦਾ ਡੁੱਲ੍ਹਣਾ ਅਤੇ ਦੁਰਘਟਨਾਵਾਂ ਅਕਸਰ ਵਾਪਰਦੀਆਂ ਹਨ।




## ਕੀਟਨਾਸ਼ਕ ਕਿਵੇਂ ਸਾਂਭੇ ਜਾਣੇ ਚਾਹੀਦੇ ਹਨ?

ਹਰ ਸਾਲ, ਉਨ੍ਹਾਂ ਕੀਟਨਾਸ਼ਕਾਂ ਨੂੰ ਖਾਣ ਜਾਂ ਪੀਣ ਨਾਲ ਬੱਚਿਆਂ ਦੇ ਸਰੀਰ ਵਿੱਚ ਜ਼ਹਿਰ ਚਲਾ ਜਾਂਦਾ ਹੈ, ਜਿਨ੍ਹਾਂ ਨੂੰ ਕਿਸੇ ਨੇ ਸਹੀ ਤਰ੍ਹਾਂ ਹਟਾਇਆ ਜਾਂ ਸੁੱਟਿਆ ਨਹੀਂ ਸੀ। ਕੀਟਨਾਸ਼ਕਾਂ ਅਤੇ ਉਹਨਾਂ ਦੇ ਖਾਲੀ ਕੰਟੇਨਰਾਂ ਨੂੰ ਇੱਕ ਤਾਲੇ ਵਾਲੇ ਖੇਤਰ ਵਿੱਚ, ਜਾਂ ਕਿਸੇ ਅਜਿਹੇ ਵਿਅਕਤੀ ਦੇ ਨਿਯੰਤਰਣ ਵਿੱਚ ਰੱਖੋ, ਜੋ ਦੂਜਿਆਂ ਨੂੰ ਦੂਰ ਰੱਖ ਸਕੇ। ਜੇ ਕੀਟਨਾਸ਼ਕਾਂ 'ਤੇ ਤਾਲਾ ਨਹੀਂ ਲਗਾਇਆ ਜਾਂਦਾ ਹੈ, ਤਾਂ ਕੀਟਨਾਸ਼ਕਾਂ ਦਾ ਨਿਯੰਤਰਣ ਰੱਖਣ ਵਾਲੇ ਵਿਅਕਤੀ ਲਈ ਦੂਜਿਆਂ ਨੂੰ ਹਰ ਸਮੇਂ ਦੂਰ ਰੱਖਣ ਵਾਸਤੇ ਕੀਟਨਾਸ਼ਕਾਂ ਦੀ ਨਿਗਰਾਨੀ ਕਰਨ ਦੇ ਯੋਗ ਹੋਣਾ ਜ਼ਰੂਰੀ ਹੈ।

ਲੇਬਲ ਤੁਹਾਨੂੰ ਕੀਟਨਾਸ਼ਕ ਨੂੰ ਸਾਂਭਣ ਦਾ ਸਹੀ ਤਰੀਕਾ ਦੱਸੇਗਾ। ਇਨ੍ਹਾਂ ਹਿਦਾਇਤਾਂ ਨੂੰ ਪੜ੍ਹੋ ਅਤੇ ਪਾਲਣਾ ਕਰੋ। ਜੇ ਤੁਸੀਂ ਕੀਟਨਾਸ਼ਕਾਂ ਨੂੰ ਖਾਦ ਵਾਲੀ ਥਾਂ 'ਤੇ ਹੀ ਸਾਂਭਿਆ ਹੈ, ਤਾਂ ਉਨ੍ਹਾਂ ਨੂੰ ਵੱਖਰਾ ਰੱਖੋ। ਕੀਟਨਾਸ਼ਕ ਅਤੇ ਖਾਦ ਇੱਕ ਦੂਜੇ ਨਾਲ ਪ੍ਰਤੀਕਿਰਿਆ ਕਰਕੇ ਅੱਗ ਲੱਗਣ ਦਾ ਕਾਰਨ ਬਣ ਸਕਦੇ ਹਨ।

ਕੀਟਨਾਸ਼ਕਾਂ ਨੂੰ ਭੋਜਨ, ਜਾਨਵਰਾਂ ਦੇ ਭੋਜਨ, ਜਾਂ PPE ਦੇ ਨੇੜੇ ਨਾ ਸਾਂਭੋ। ਉਹ ਕੀਟਨਾਸ਼ਕ ਨਾਲ ਦੂਸ਼ਤ ਹੋ ਸਕਦੇ ਹਨ, ਅਤੇ ਲੋਕਾਂ ਨੂੰ ਜਾਂ ਜਾਨਵਰਾਂ ਨੂੰ ਬੀਮਾਰ ਕਰ ਸਕਦੇ ਹਨ।

ਕੀਟਨਾਸ਼ਕਾਂ ਅਤੇ ਖਾਲੀ ਕੰਟੇਨਰਾਂ ਨੂੰ ਸਾਂਭਣ ਦੇ ਕੁਝ ਸਵੀਕਾਰ ਕਰਨ ਯੋਗ ਤਰੀਕੇ ਇਹ ਹਨ:

- ਤਾਲੇ ਵਾਲਾ, ਵਾੜ ਵਾਲਾ ਖੇਤਰ।
- ਤਾਲੇ ਵਾਲੇ ਸਾਂਭ ਕੰਪਾਰਟਮੈਂਟ।
- ਅਜਿਹਾ ਟਰੱਕ ਜਾਂ ਟ੍ਰਾਲੀ, ਜਿਸਦੇ ਸਾਈਡ ਰੈਕਾਂ 'ਤੇ ਤਾਲਾ ਲੱਗ ਸਕਦਾ ਹੋਵੇ। (ਰੈਕਾਂ ਦਾ ਉੱਪਰਲਾ ਹਿੱਸਾ ਜ਼ਮੀਨ ਤੋਂ ਘੱਟੋ ਘੱਟ ਛੇ ਫੁੱਟ ਉੱਚਾ ਹੋਣਾ ਚਾਹੀਦਾ ਹੈ।)

ਸੁਰੱਖਿਆ ਸਬੰਧੀ ਸੁਝਾਅ

**2**

**ਕੀਟਨਾਸ਼ਕ ਇਸਤੇਮਾਲ ਕਰਨ ਤੋਂ ਪਹਿਲਾਂ ਹਮੇਸ਼ਾ ਲੇਬਲ ਪੜ੍ਹੋ।**

ਜੇ ਤੁਸੀਂ ਇਸਨੂੰ ਨਹੀਂ ਪੜ੍ਹ ਸਕਦੇ, ਤਾਂ ਆਪਣੇ ਸੁਪਰਵਾਈਜਰ ਨੂੰ ਆਖੋ ਕਿ ਉਹ ਤੁਹਾਨੂੰ ਦੱਸੇ ਕਿ ਇਸ 'ਤੇ ਕੀ ਲਿਖਿਆ ਹੋਇਆ ਹੈ।

### ਯਾਦ ਰੱਖਣ ਯੋਗ ਮਹੱਤਵਪੂਰਨ ਗੱਲਾਂ

- ਯਕੀਨੀ ਬਣਾਓ ਕਿ ਕੀਟਨਾਸ਼ਕ ਦੇ ਕੰਟੇਨਰਾਂ 'ਤੇ ਲੇਬਲ ਲੱਗਿਆ ਹੋਇਆ ਹੈ।
- ਕੰਟੇਨਰ ਦੇ ਢੱਕਣ ਕੱਸ ਕੇ ਬੰਦ ਕਰੋ।
- ਜਾਂਚ ਕਰੋ ਕਿ ਕੰਟੇਨਰਾਂ ਵਿੱਚ ਰਿਸਾਅ, ਟੁੱਟ-ਭੱਜ, ਜਾਂ ਕਮਜ਼ੋਰ ਥਾਵਾਂ ਤਾਂ ਨਹੀਂ ਹਨ। ਜੇ ਕੋਈ ਸਮੱਸਿਆ ਹੈ ਤਾਂ ਆਪਣੇ ਸੁਪਰਵਾਈਜਰ ਨੂੰ ਦੱਸੋ।
- ਕੀਟਨਾਸ਼ਕਾਂ ਨੂੰ ਕਦੇ ਵੀ ਅਜਿਹੇ ਕੰਟੇਨਰਾਂ ਵਿੱਚ ਨਾ ਪਾਓ, ਜੋ ਭੋਜਨ, ਪੀਣ ਵਾਲੇ ਪਦਾਰਥਾਂ, ਜਾਂ ਘਰੇਲੂ ਉਤਪਾਦਾਂ ਲਈ ਵਰਤੇ ਜਾਂਦੇ ਹਨ।
- ਕਿਸੇ ਵੀ ਅਜਿਹੇ ਕੀਟਨਾਸ਼ਕ ਨੂੰ ਘਰ ਨਾ ਲੈ ਕੇ ਜਾਓ, ਜੋ ਤੁਸੀਂ ਕੰਮ 'ਤੇ ਵਰਤਦੇ ਹੋ।
- ਸਾਂਭ ਖੇਤਰ ਨੂੰ ਤਾਲਾ ਲਗਾ ਕੇ ਰੱਖੋ, ਜਦੋਂ ਤੁਸੀਂ ਇਸਦੀ ਵਰਤੋਂ ਨਾ ਕਰ ਰਹੇ ਹੋਵੋ।
- ਸਾਂਭ ਖੇਤਰਾਂ ਵਿੱਚ ਚਿੰਨ੍ਹ ਲਗਾਓ, ਜਿੱਥੇ "ਖ਼ਤਰਾ" ਜਾਂ "ਚੇਤਾਵਨੀ" ਸੰਕੇਤ ਸ਼ਬਦ ਵਾਲੇ ਕੀਟਨਾਸ਼ਕ ਸਾਂਭੇ ਗਏ ਹੋਣ।
- ਲੇਬਲ 'ਤੇ ਦਿੱਤੀਆਂ ਹਿਦਾਇਤਾਂ ਦੀ ਪਾਲਣਾ ਕਰੋ। ਕਈ ਕੀਟਨਾਸ਼ਕ ਕੰਟੇਨਰਾਂ 'ਤੇ ਲਿਖਿਆ ਹੁੰਦਾ ਹੈ ਕਿ ਕੰਟੇਨਰ ਨੂੰ ਮੁੜ ਨਾ ਵਰਤੋ ਜਾਂ ਮੁੜ ਨਾ ਭਰੋ।

## ਕੀਟਨਾਸ਼ਕਾਂ ਨੂੰ ਸੁਰੱਖਿਅਤ ਰੂਪ ਨਾਲ ਇੱਧਰ-ਉੱਧਰ ਕਰਨਾ

ਜਦੋਂ ਤੁਸੀਂ ਥੋੜ੍ਹੀ ਦੂਰੀ 'ਤੇ ਵੀ ਕੀਟਨਾਸ਼ਕ ਲਿਜਾ ਰਹੇ ਹੋਵੋ, ਦੁਰਘਟਨਾਵਾਂ ਤਦ ਵੀ ਵਾਪਰ ਸਕਦੀਆਂ ਹਨ। ਜੇ ਕੋਈ ਦੁਰਘਟਨਾ ਹੁੰਦੀ ਹੈ, ਤਾਂ ਕੀਟਨਾਸ਼ਕ ਤੁਹਾਨੂੰ ਜਾਂ ਹੋਰਾਂ ਨੂੰ ਬੀਮਾਰ ਕਰ ਸਕਦੇ ਹਨ, ਜਾਂ ਵਾਤਾਵਰਨ ਨੂੰ ਦੂਸ਼ਤ ਕਰ ਸਕਦੇ ਹਨ।

### ਕੀਟਨਾਸ਼ਕਾਂ ਨੂੰ ਇੱਧਰ-ਉੱਧਰ ਕਰਨ ਤੋਂ ਪਹਿਲਾਂ ਮੈਨੂੰ ਕੀ ਜਾਣਨ ਦੀ ਲੋੜ ਹੈ?

ਇਹਨਾਂ ਨਿਯਮਾਂ ਦੀ ਪਾਲਣਾ ਕਰੋ:

- ਕੀਟਨਾਸ਼ਕਾਂ ਨੂੰ ਕਦੇ ਵੀ ਆਪਣੀ ਕਾਰ, ਵੈਨ, ਜਾਂ ਟਰੱਕ ਕੈਬ ਵਿੱਚ ਨਾ ਲਿਜਾਓ। ਜੇ ਉਹ ਤੁਹਾਡੇ 'ਤੇ ਜਾਂ ਤੁਹਾਡੇ ਯਾਤਰੀਆਂ 'ਤੇ ਡੁੱਲ੍ਹ ਜਾਣ, ਤਾਂ ਕੀਟਨਾਸ਼ਕ ਸੱਟ ਜਾਂ ਮੌਤ ਦਾ ਕਾਰਨ ਬਣ ਸਕਦੇ ਹਨ। ਸੀਟ ਦੇ ਕਵਰਾਂ 'ਤੇ ਡੁੱਲ੍ਹਣ ਨਾਲ ਇਨ੍ਹਾਂ ਨੂੰ ਹਟਾਉਣਾ ਅਸੰਭਵ ਹੈ। ਜੇ ਇਹ ਸਹੀ ਤਰ੍ਹਾਂ ਸਾਫ਼ ਨਾ ਕੀਤੇ ਜਾਣ ਤਾਂ ਕੀਟਨਾਸ਼ਕ ਲੋਕਾਂ ਨੂੰ ਕਈ ਦਿਨਾਂ ਜਾਂ ਹਫ਼ਤਿਆਂ ਬਾਅਦ ਤੱਕ ਬੀਮਾਰ ਕਰ ਸਕਦੇ ਹਨ।
- ਭੋਜਨ ਵਾਲੇ, ਖਵਾਉਣ ਵਾਲੇ, ਕੱਪੜਿਆਂ, ਜਾਂ ਲੋਕਾਂ ਵਾਲੇ ਕੰਪਾਰਟਮੈਂਟ ਵਿੱਚ ਕੀਟਨਾਸ਼ਕ ਨਾ ਲਿਜਾਓ।
- ਕੰਟੇਨਰ ਦੇ ਢੱਕਣ ਕੱਸ ਕੇ ਬੰਦ ਕਰੋ।
- ਵਾਹਨ ਮੁੜਦੇ ਹਨ, ਅਚਾਨਕ ਚਾਲੂ ਹੁੰਦੇ ਹਨ, ਅਤੇ ਰੁਕਦੇ ਹਨ। ਡੁੱਲ੍ਹਣ ਤੋਂ ਬਚਾਉਣ ਲਈ ਕੀਟਨਾਸ਼ਕਾਂ ਦੇ ਕੰਟੇਨਰਾਂ ਨੂੰ ਸਿੱਧੀ ਪੋਜੀਸ਼ਨ ਵਿੱਚ ਸੁਰੱਖਿਅਤ ਕਰੋ।
- ਜੇ ਕੀਟਨਾਸ਼ਕ ਦੂਜੇ ਕੰਟੇਨੇਰ ਵਿੱਚ ਪਾਏ ਗਏ ਹਨ, ਤਾਂ ਜਦੋਂ ਤੁਸੀਂ ਇਸਨੂੰ ਜਨਤਕ ਸੜਕ 'ਤੇ ਲਿਜਾਓ ਤਾਂ ਤੁਹਾਡੇ ਲਈ ਇਸ ਕੰਟੇਨਰ 'ਤੇ ਲੇਬਲ ਲਗਾਉਣਾ ਜ਼ਰੂਰੀ ਹੈ। ਲੇਬਲ ਤੇ ਕੀਟਨਾਸ਼ਕ ਦਾ **ਨਾਂ,** ਇਸਦਾ **ਸੰਕੇਤ ਸ਼ਬਦ** (ਖ਼ਤਰਾ, ਚੇਤਾਵਨੀ, ਸਾਵਧਾਨੀ), ਅਤੇ ਕੰਟੇਨਰ ਅਤੇ ਕੀਟਨਾਸ਼ਕ ਲਈ **ਜ਼ਿੰਮੇਵਾਰ ਵਿਅਕਤੀ ਦਾ ਨਾਂ ਅਤੇ ਪਤਾ** ਲਿਖਿਆ ਹੋਣਾ ਜ਼ਰੂਰੀ ਹੈ।
- ਜਦੋਂ ਤੁਸੀਂ ਇੱਕ ਬਿਨਾਂ ਸਾਈਡਾਂ ਵਾਲੇ ਖੁੱਲ੍ਹੇ ਟਰੱਕ ਵਿੱਚ ਕੀਟਨਾਸ਼ਕ ਲਿਜਾ ਰਹੇ ਹੋਵੋ ਤਾਂ ਆਪਣੇ ਵਾਹਨ ਨੂੰ ਕਦੇ ਵੀ ਆਪਣੀ ਨਜ਼ਰ ਤੋਂ ਦੂਰ ਨਾ ਹੋਣ ਦਿਓ।

## ਕੰਟੇਨਰਾਂ ਨੂੰ ਸੁਰੱਖਿਅਤ ਰੂਪ ਨਾਲ ਧੋਣਾ

ਨਿਪਟਾਰਾ ਕਰਨ ਯੋਗ ਕੰਟੇਨਰਾਂ ਨੂੰ ਖਾਲੀ ਹੁੰਦੇ ਹੀ ਧੋਣਾ ਜ਼ਰੂਰੀ ਹੈ। ਲੇਬਲ 'ਤੇ ਕੰਟੇਨਰ ਧੋਣ ਵੇਲੇ ਪਾਲਣਾ ਕਰਨ ਲਈ ਵਿਸ਼ੇਸ਼ ਹਿਦਾਇਤਾਂ ਲਿਖੀਆਂ ਹੋ ਸਕਦੀਆਂ ਹਨ। ਜੇ ਤੁਸੀਂ ਬੰਦ ਮਿਸ਼ਰਣ ਪ੍ਰਣਾਲੀ ਵਰਤ ਰਹੇ ਹੋ, ਤਾਂ ਉਪਕਰਨ ਆਪਣੇ ਆਪ ਧੋਇਆ ਜਾ ਸਕਦਾ ਹੈ। ਨਹੀਂ ਤਾਂ ਤੁਸੀਂ ਇਹਨਾਂ ਤਰੀਕਿਆਂ ਵਿੱਚੋਂ ਇੱਕ ਦੀ ਵਰਤੋਂ ਕਰ ਸਕਦੇ ਹੋ:

**ਤਰੀਕਾ #1 (ਤਿੰਨ ਵਾਰ ਧੋਣਾ)**

1. ਸਾਰੇ ਲੋੜੀਂਦੇ PPE ਪਹਿਨੋ।
2. ਕੀਟਨਾਸ਼ਕ ਕੰਟੇਨਰ ਨੂੰ ਪਾਣੀ ਨਾਲ ਲਗਭਗ 1/4 ਭਰੋ।
3. ਇਸਨੂੰ ਕੱਸ ਕੇ ਬੰਦ ਕਰੋ ਅਤੇ ਹਿਲਾਓ।
4. ਇਸ ਧੋਣ ਵਾਲੇ ਸਾਰੇ ਪਾਣੀ ਨੂੰ ਮਿਸ਼ਰਣ ਟੈਂਕ ਵਿੱਚ ਪਾਓ, ਤਾਂ ਜੋ ਇਸਨੂੰ ਕੀਟਨਾਸ਼ਕ ਨਾਲ ਇਸਤੇਮਾਲ ਕੀਤਾ ਜਾ ਸਕੇ। ਆਮ ਤਰ੍ਹਾਂ ਨਾਲ ਖਾਲੀ ਕਰਨ ਤੋਂ ਬਾਅਦ 30 ਸਕਿੰਟਾਂ ਤੱਕ ਕੰਟੇਨਰ ਨੂੰ ਸੁੱਕਣ ਦਿਓ।
5. ਪੜਾਅ 2, 3, ਅਤੇ 4 ਨੂੰ ਘੱਟੋ ਘੱਟ ਦੋ ਹੋਰ ਵਾਰ ਦੁਹਰਾਓ।

**ਤਰੀਕਾ #2 (ਧੋਣ ਵਾਲੀ ਯੂਨਿਟ ਵਾਲੇ ਉਪਕਰਨ ਲਈ)**

1. ਸਾਰੇ ਲੋੜੀਂਦੇ PPE ਪਹਿਨੋ।
2. ਕੰਟੇਨਰ ਦੇ ਮੂੰਹ ਨੂੰ ਮਸ਼ੀਨ ਦੀ ਨੋਜ਼ਲ ਤੇ ਰੱਖੋ ਤਾਂ ਜੋ ਦ੍ਰਵ ਟੈਂਕ ਵਿੱਚ ਹੀ ਖਾਲੀ ਹੋਵੇ।
3. ਨੋਜ਼ਲ ਨੂੰ ਖੋਲ੍ਹੋ ਅਤੇ ਸਾਫ਼ ਹੋਣ ਤੱਕ ਧੋਵੋ।



## ਕੀਟਨਾਸ਼ਕ ਡੁਲ੍ਹਣ ਤੇ ਫੈਲਾਅ ਦੀ ਸਫਾਈ

ਜੇਕਰ ਕੀਟਨਾਸ਼ਕ ਦਾ ਰਿਸਾਅ ਕਿਸੇ ਜਨਤਕ ਸੜਕ ‘ਤੇ ਹੋ ਜਾਵੇ, ਤਾਂ ਤੁਰੰਤ 911 ਅਤੇ ਕੈਲੀਫੋਰਨੀਆ ਗਵਰਨਰਜ਼ ਦਫ਼ਤਰ ਐਮਰਜੈਂਸੀ ਸੇਵਾਵਾਂ (CalOES) ਨੂੰ 1-800-852-7550 ‘ਤੇ ਫ਼ੋਨ ਕਰੋ। ਜੇ ਕੋਈ ਕੀਟਨਾਸ਼ਕ ਦੇ ਡੁੱਲ੍ਹਣ ਤੋਂ ਦੂਸ਼ਤ ਹੋ ਗਿਆ ਹੈ ਜਾਂ ਕਿਸੇ ਨੂੰ ਸੱਟ ਲੱਗ ਗਈ ਹੈ, ਤਾਂ ਫਸਟ ਏਡ ਦਿਓ ਅਤੇ ਆਪਣੇ ਸੁਪਰਵਾਈਜਰ ਨੂੰ ਸੰਪਰਕ ਕਰੋ। ਫਸਟ ਏਡ ਬਾਰੇ ਹੋਰ ਜਾਣਕਾਰੀ ਲਈ, ਆਪਣੇ ਰੋਜ਼ਗਾਰਦਾਤਾ ਤੋਂ A-4 ਸੁਰੱਖਿਆ ਲੀਫ਼ਲੈਟ ਮੰਗੋ।

ਲੋਕਾਂ ਨੂੰ ਡੁੱਲ੍ਹਣ ਵਾਲੇ ਖੇਤਰ ਤੋਂ ਦੂਰ ਰੱਖਣ ਲਈ ਸ਼ੰਕੂ ਰੱਖੋ ਜਾਂ ਸਾਵਧਾਨੀ ਟੇਪ ਲਗਾਓ। ਜੇ ਅੰਦਰ ਵਾਲੇ ਪਾਸੇ ਡੁੱਲ੍ਹਿਆ ਹੈ, ਤਾਂ ਇਮਾਰਤ ਵਿੱਚੋਂ ਬਾਹਰ ਨਿੱਕਲ ਜਾਓ ਅਤੇ ਖੇਤਰ ਨੂੰ ਹਵਾ ਲਵਾਓ। ਲੇਬਲ 'ਤੇ ਇਸ ਬਾਰੇ ਵਿਸਤ੍ਰਿਤ ਹਿਦਾਇਤਾਂ ਲਿਖੀਆਂ ਹੋ ਸਕਦੀਆਂ ਹਨ ਕਿ ਡੁੱਲ੍ਹੇ ਹੋਏ ਕੀਟਨਾਸ਼ਕ ਨੂੰ ਕਿਵੇਂ ਸਾਫ਼ ਕਰਨਾ ਹੈ। ਜ਼ਿਆਦਾਤਰ ਲੇਬਲਾਂ 'ਤੇ ਇੱਕ ਟੋਲ-ਫ਼੍ਰੀ ਨੰਬਰ ਹੁੰਦਾ ਹੈ, ਜਿੱਥੇ ਤੁਸੀਂ ਇਹ ਜਾਣਨ ਲਈ ਫ਼ੋਨ ਕਰ ਸਕਦੇ ਹੋ ਕਿ ਜੇ ਕੀਟਨਾਸ਼ਕ ਡੁੱਲ੍ਹ ਜਾਏ ਤਾਂ ਇਸਨੂੰ ਸਾਫ਼ ਕਰਨ ਲਈ ਕੋਈ ਵਿਸ਼ੇਸ਼ ਸਲਾਹ ਹੈ। ਜੇ ਲੇਬਲ 'ਤੇ ਕੋਈ ਵਿਸ਼ੇਸ਼ ਸਲਾਹ ਨਹੀਂ ਹੈ, ਤਾਂ ਲੇਬਲ 'ਤੇ ਲਿਖੇ ਅਨੁਸਾਰ ਸਾਰੇ PPE ਪਹਿਨੋ, ਫੇਰ ਇਨ੍ਹਾਂ ਕਦਮਾਂ ਦੀ ਪਾਲਣਾ ਕਰੋ:

- **ਡੁੱਲਣ ਨੂੰ ਕੰਟਰੋਲ ਕਰੋ:** ਕੰਟੇਨਰ ਨੂੰ ਸਿੱਧਾ ਰੱਖੋ, ਰਲਾਉਣ ਜਾਂ ਇਸਤੇਮਾਲ ਕਰਨ ਵਾਲੇ ਉਪਕਰਨ ਨੂੰ ਬੰਦ ਕਰੋ, ਜਾਂ ਰਿਸਾਅ ਵਾਲੇ ਕੰਟੇਨਰ ਦਾ ਕੀਟਨਾਸ਼ਕ ਦੂਜੇ ਕੰਟੇਨਰ ਵਿੱਚ ਪਾ ਦਿਓ।
- **ਡੁੱਲਣ ਨੂੰ ਰੋਕੋ:** ਉਤਪਾਦ ਨੂੰ ਫੈਲਣ ਤੋਂ ਰੋਕਣ ਲਈ ਸੋਖਕ ਸਮੱਗਰੀਆਂ ਵਰਤੋ, ਡੁੱਲ੍ਹ ਕਿੱਟ ਵਿੱਚੋਂ “ਸਨੇਕਸ” ਜਾਂ ਸਿਰ੍ਹਾਣਿਆਂ ਦੀ ਵਰਤੋਂ ਕਰੋ, ਡੁੱਲ੍ਹਣ ਵਾਲੇ ਭਾਗ ਦੇ ਆਲੇ-ਦੁਆਲੇ ਮਿੱਟੀ, ਘਾਹ ਜਾਂ ਹੋਰ ਸਮੱਗਰੀ ਦਾ ਬੰਨ੍ਹ ਬਣਾਓ।
- **ਡੁੱਲ੍ਹਣ ਦੀ ਸਫਾਈ**:
  - ਡੁੱਲ੍ਹੇ ਦ੍ਰਵ ਨੂੰ ਬਿੱਲੀ ਦੇ ਪਖਾਨੇ, ਰੇਤ, ਜਾਂ ਚੀਨੀ ਮਿੱਟੀ ਜਿਹੀਆਂ ਸੋਖਕ ਸਮੱਗਰੀਆਂ ਨਾਲ ਸੁਕਾਓ।
  - ਜੇ ਕੀਟਨਾਸ਼ਕ ਜਾਂ ਸੋਖਕ ਸਮੱਗਰੀ ਦੇ ਆਲੇ-ਦੁਆਲੇ ਉੱਡਣ ਦੀ ਸੰਭਾਵਨਾ ਹੈ, ਤਾਂ ਇਸਨੂੰ ਪਾਣੀ ਨਾਲ ਬਹੁਤ ਹੀ ਹਲਕੀ ਨਮੀ ਦਿਓ ਜਾਂ ਇਸਨੂੰ ਸਫਾਈ ਕਰਨ ਵਾਲੇ ਕੰਪਾਊਂਡ ਜਾਂ ਪਲਾਸਟਿਕ ਦੇ ਕਵਰ ਨਾਲ ਢਕ ਦਿਓ।
  - ਜੇ ਕੀਟਨਾਸ਼ਕ ਮਿੱਟੀ 'ਤੇ ਡੁੱਲ੍ਹਿਆ ਹੈ, ਤਾਂ ਨਿਪਟਾਰੇ ਲਈ ਉਸ ਮਿੱਟੀ ਦੇ ਉੱਤੇ ਬੇਲਚੇ ਨਾਲ 2 ਤੋਂ 3 ਇੰਚ ਉੱਪਰ ਤੱਕ ਮਿੱਟੀ ਪਾਓ।
  - ਸਹੀ ਨਿਪਟਾਰੇ ਲਈ ਰਿਸਾਅ-ਪ੍ਰੂਫ ਕੰਟੇਨਰ ਵਿੱਚ ਸਫਾਈ ਵਾਲੀਆਂ ਸਮੱਗਰੀਆਂ ਜਾਂ ਮਿੱਟੀ ਪਾਓ।
  - ਕੰਟੇਨਰ 'ਤੇ ਕੀਟਨਾਸ਼ਕ ਦੇ ਨਾਂ ਅਤੇ ਸੰਕੇਤ ਸ਼ਬਦ ਵਾਲਾ ਲੇਬਲ ਲਗਾਓ।

**ਕੀਟਨਾਸ਼ਕ ਦਾ ਡੁਲ੍ਹਣਾ:**

**ਡੁੱਲਣ ਨੂੰ ਕੰਟਰੋਲ ਕਰੋ**

**ਡੁੱਲਣ ਨੂੰ ਰੋਕੋ**

**ਡੁੱਲਣ ਦੀ ਸਫਾਈ**

ਜਿਵੇਂ ਹੀ ਅਜਿਹਾ ਕਰਨਾ ਸੁਰੱਖਿਅਤ ਅਤੇ ਵਿਹਾਰਕ ਹੋਵੇ, ਤਾਂ ਘਟਨਾ ਬਾਰੇ ਆਪਣੇ ਮਾਲਕ ਨੂੰ ਸੂਚਿਤ ਕਰੋ। ਜੇਕਰ ਕੋਈ ਦੁਸ਼ਤ ਹੋ ਗਿਆ ਹੈ, ਜਾਂ ਕਿਸੇ ਨੂੰ ਸੱਟ ਲੱਗੀ ਹੈ, ਤਾਂ ਤੁਹਾਡੇ ਮਾਲਕ ਲਈ ਘਟਨਾ ਬਾਰੇ Cal/OSHA ਨੂੰ ਸੂਚਿਤ ਕਰਨਾ ਜ਼ਰੂਰੀ ਹੈ।

## ਕੀਟਨਾਸ਼ਕ ਕੰਟੇਨਰਾਂ ਨੂੰ ਖਾਲੀ ਕਰਨਾ

ਕੀਟਨਾਸ਼ਕ ਕੰਟੇਨਰ ਕਦੇ ਵੀ "ਖਾਲੀ" ਨਹੀਂ ਹੁੰਦੇ। ਉਹਨਾਂ ਨੂੰ ਧੋਣ ਤੋਂ ਬਾਅਦ ਵੀ ਉਹਨਾਂ ਵਿੱਚ ਕੀਟਨਾਸ਼ਕਾਂ ਦੀ ਥੋੜ੍ਹੀ ਜਿਹੀ ਮਾਤਰਾ ਰਹਿ ਜਾਂਦੀ ਹੈ। ਖਾਲੀ ਕੰਟੇਨਰਾਂ ਨਾਲ ਇਸ ਤਰ੍ਹਾਂ ਵਿਹਾਰ ਕੀਤਾ ਜਾਣਾ ਅਤੇ ਉਨ੍ਹਾਂ ਦੀ ਸਾਂਭ ਕਰਨੀ ਜ਼ਰੂਰੀ ਹੈ, ਜਿਵੇਂ ਕਿ ਉਹਨਾਂ ਵਿੱਚ ਅਜੇ ਵੀ ਕੀਟਨਾਸ਼ਕ ਹਨ। ਇਸਦਾ ਮਤਲਬ ਹੈ ਕਿ ਕੰਟੇਨਰ 'ਤੇ ਲੇਬਲ ਲੱਗਿਆ ਹੋਇਆ ਹੋਣਾ ਜ਼ਰੂਰੀ ਹੈ, ਉਸਨੂੰ ਤਾਲੇ ਵਾਲੇ ਖੇਤਰ ਵਿੱਚ ਸਾਂਭਿਆ ਜਾਣਾ ਜ਼ਰੂਰੀ ਹੈ, ਅਤੇ ਜੇ ਲੋੜ ਹੋਵੇ ਤਾਂ ਸਾਂਭ ਖੇਤਰ ਦੇ ਚਿੰਨ੍ਹ ਲਗਾਏ ਹੋਣੇ ਜ਼ਰੂਰੀ ਹਨ। ਕਦੇ ਵੀ ਕੰਟੇਨਰਾਂ ਨੂੰ ਨਦੀਆਂ, ਛੱਪੜਾਂ, ਖੇਤਾਂ, ਜਾਂ ਖਾਲੀ ਇਮਾਰਤਾਂ ਵਿੱਚ ਨਾ ਹੰਗਾਲੋ। ਹਰੇਕ ਉਸ ਕੀਟਨਾਸ਼ਕ ਕੰਟੇਨਰ ਦਾ ਰਿਕਾਰਡ ਰੱਖੋ, ਜੋ ਤੁਸੀਂ ਕੰਮ ਲਈ ਵਰਤਿਆ ਸੀ। ਬੱਚਿਆਂ ਜਾਂ ਦੂਜੇ ਵਿਅਕਤੀਆਂ ਨੂੰ ਕਦੇ ਵੀ ਖਾਲੀ ਕੰਟੇਨਰਾਂ ਦੇ ਸੰਪਰਕ ਵਿੱਚ ਨਾ ਆਉਣ ਦਿਓ। ਉਹਨਾਂ ਨੂੰ ਕਿਸੇ ਹੋਰ ਕੰਮ ਲਈ ਨਾ ਵਰਤੋ। ਖਾਲੀ ਕੰਟੇਨਰਾਂ ਦਾ ਨਿਪਟਾਰਾ, ਲੇਬਲ 'ਤੇ ਲਿਖੇ ਅਤੇ ਸੰਘੀ, ਰਾਜ, ਅਤੇ ਸਥਾਨਕ ਨਿਯਮਾਂ ਦੀ ਪਾਲਣਾ ਕਰਦੇ ਹੋਏ ਸਹੀ ਤਰ੍ਹਾਂ ਕਰਨਾ ਜ਼ਰੂਰੀ ਹੈ।

ਤੁਹਾਡੇ ਮਾਲਕ ਨੂੰ ਪਤਾ ਹੋਣਾ ਜ਼ਰੂਰੀ ਹੈ ਕਿ ਕੰਟੇਨਰਾਂ ਦਾ ਨਿਪਟਾਰਾ ਕਿਵੇਂ ਕਰਨਾ ਹੈ। ਕਾਉਂਟੀ ਦਾ ਖੇਤੀਬਾੜੀ ਕਮਿਸ਼ਨਰ ਤੁਹਾਡੇ ਮਾਲਕ ਨੂੰ ਦੱਸ ਸਕਦਾ ਹੈ ਕਿ ਖਾਲੀ ਕੰਟੇਨਰਾਂ ਦਾ ਨਿਪਟਾਰਾ ਕਿਵੇਂ ਕਰਨਾ ਹੈ, ਰੀਸਾਇਕਲਿੰਗ ਵਾਲੇ ਪਲਾਸਟਿਕ ਕੰਟੇਨਰਾਂ ਸਮੇਤ।

## ਕੀਟਨਾਸ਼ਕਾਂ ਦਾ ਨਿਪਟਾਰਾ

ਜੇ ਤੁਸੀਂ ਸਟੋਰੇਜ ਵਿੱਚ ਅਜਿਹੇ ਕੀਟਨਾਸ਼ਕ ਦੇਖਦੇ ਹੋ, ਜੋ ਹੁਣ ਵਰਤੋਂ ਵਿੱਚ ਨਹੀਂ ਹਨ ਜਾਂ ਹੁਣ ਵਰਤਣ ਲਈ ਜਰੂਰੀ ਨਹੀਂ ਹਨ, ਤਾਂ ਆਪਣੇ ਮਾਲਕ ਨੂੰ ਦੱਸੋ। ਲੋਕਾਂ ਅਤੇ ਵਾਤਾਵਰਨ ਨੂੰ ਸੁਰੱਖਿਅਤ ਰੱਖਣ ਲਈ ਫਾਲਤੂ ਜਾਂ ਬਿਨਾਂ ਵਰਤੇ ਕੀਟਨਾਸ਼ਕਾਂ ਦਾ ਸਹੀ ਨਿਪਟਾਰਾ ਜ਼ਰੂਰੀ ਹੈ। ਬਿਨਾਂ ਵਰਤੇ ਕੀਟਨਾਸ਼ਕਾਂ ਨੂੰ ਕਦੇ ਵੀ ਕੂੜੇ ਵਿੱਚ ਨਾ ਸੁੱਟੋ, ਜਾਂ ਬਚੇ ਹੋਏ ਕੀਟਨਾਸ਼ਕਾਂ ਨੂੰ ਸਿੰਕ, ਪਖਾਨੇ, ਸੀਵਰ, ਗਲੀ ਦੇ ਡ੍ਰੇਨ ਵਿੱਚ, ਜਾਂ ਜ਼ਮੀਨ 'ਤੇ ਨਾ ਵਹਾਓ।

ਲੇਬਲ 'ਤੇ ਲਿਖਿਆ ਹੋ ਸਕਦਾ ਹੈ ਕਿ ਫਾਲਤੂ ਕੀਟਨਾਸ਼ਕਾਂ ਦਾ ਨਿਪਟਾਰਾ ਕਿਵੇਂ ਕਰਨਾ ਹੈ। ਜੇ ਇਹ ਕਰਨਾ ਸੰਭਵ ਹੋਵੇ, ਤਾਂ ਲੇਬਲ 'ਤੇ ਲਿਖੀਆਂ ਹਿਦਾਇਤਾਂ ਦੇ ਅਨੁਸਾਰ, ਥੋੜ੍ਹੇ ਜਿਹੇ ਕੀਟਨਾਸ਼ਕਾਂ ਦੀ ਵਰਤੋਂ ਕਰਨਾ ਇਸਦਾ ਨਿਪਟਾਰਾ ਕਰਨ ਦਾ ਬਿਹਤਰੀਨ ਤਰੀਕਾ ਹੈ।

ਕੁਝ ਸਥਿਤੀਆਂ ਵਿੱਚ, ਕੀਟਨਾਸ਼ਕ ਡੀਲਰ ਨੂੰ ਜਾਂ ਕੀਟਨਾਸ਼ਕ ਬਜ਼ਾਰ ਵਿੱਚ ਵਾਪਸ ਭੇਜੇ ਸਕਦੇ ਹਨ।

ਨਹੀਂ ਤਾਂ, ਤੁਹਾਡਾ ਮਾਲਕ ਹੋਰ ਜਾਣਕਾਰੀ ਲਈ ਕਾਉਂਟੀ ਦੇ ਖੇਤੀਬਾੜੀ ਕਮਿਸ਼ਨਰ ਨੂੰ ਜਾਂ ਕਾਉਂਟੀ ਦੀ ਰਹਿੰਦ-ਖੂੰਹਦ ਨਿਪਟਾਰਾ ਏਜੰਸੀ ਨੂੰ ਸੰਪਰਕ ਕਰ ਸਕਦਾ ਹੈ।

## ਕੀ ਕੋਈ ਹੋਰ ਨਿਯਮ ਹਨ?

ਕੀਟਨਾਸ਼ਕ ਦੇ ਆਧਾਰ ਤੇ, ਵਾਧੂ ਨਿਯਮ ਹੋ ਸਕਦੇ ਹਨ। ਜੇ ਤੁਸੀਂ ਕੋਈ ਕੀਟਨਾਸ਼ਕ ਲਿਜਾ ਰਹੇ ਹੋ, ਤਾਂ ਤੁਹਾਡੇ ਲਈ ਸਾਰੇ ਨਿਯਮਾਂ ਬਾਰੇ ਟ੍ਰੇਨਿੰਗ ਲੈਣੀ ਜ਼ਰੂਰੀ ਹੈ। ਜੇ ਤੁਸੀਂ ਵੱਧ ਕੀਟਨਾਸ਼ਕ ਲਿਜਾ ਰਹੇ ਹੋ, ਜੋ ਤੁਸੀਂ ਕੁਝ ਦਿਨਾਂ ਵਿੱਚ ਵਰਤੋਗੇ, ਤਾਂ ਤੁਹਾਡੇ ਮਾਲਕ ਨੂੰ ਕੈਲੀਫ਼ੋਰਨੀਆ ਹਾਈਵੇ ਪੈਟਰੋਲ (California Highway Patrol), ਮੋਟਰ ਕੈਰੀਅਰ ਸੇਫਟੀ ਯੂਨਿਟ (Motor Carrier Safety Unit) ਨੂੰ ਫ਼ੋਨ ਕਰਨਾ ਚਾਹੀਦਾ ਹੈ।



ਜੇ ਤੁਹਾਨੂੰ ਆਪਣੀ ਟ੍ਰੇਨਿੰ ਗ ਵਿੱਚ ਲੋੜੀਂਦੀ ਸਾਰੀ ਜਾਣਕਾਰੀ ਨਹੀਂ ਮਿਲਦੀ ਜਾਂ ਤੁਸੀਂ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਬਾਰੇ ਸ਼ਿਕਾਇਤ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਹੋਰ ਜਾਣਕਾਰੀ ਲਈ ਆਪਣੇ ਕਾਉਂਟੀ ਦੇ ਐਗਰੀਕਲਚਰ ਕਮਿਸ਼ਨਰ ਜਾਂ ਡੀਪੀਆਰ ਨੂੰ ਫ਼ੋਨ ਕਰਨਾ ਚਾਹੀਦਾ ਹੈ। ਤੁਹਾਨੂੰ ਆਪਣੀ ਸਥਾਨਕ ਸਫੈਦ ਪੰਨਿਆਂ ਦੀਂ ਫੋਨ ਡਾਇਰੈਕਟਰੀ ਵਿੱਚ ਕਮਿਸ਼ਨਰ ਦਾ ਨੰਬਰ ਲੇਵੋ

https://www.cdfa.ca.gov/exec/county/countymap/

**ਡੀਪੀਆਰ ਦੇ ਖੇਤਰੀ ਦਫਤਰ ਹਨ:**

- **ਉੱਤਰੀ (ਵੈਸਟ ਸੈਕਰਾਮੈਂਟੋ) (916) 376-8960**
- **ਸੈਂਟਰਲ (ਕਲੋਇਸ) (559) 297-3511**
- **ਦੱਖਣੀ (ਐਨਾਹਾਇਮ) (714) 279-7690**




ਸੁਰੱਖਿਆ ਸਬੰਧੀ ਲੀਫ਼ਲੈਟ (ਪਰਚੇ) ਇੱਥੇ ਉਪਲੱਬਧ ਹਨ:
www.cdpr.ca.gov/worker-health-and-safety/education-series

# ਕੀਟਨਾਸ਼ਕ ਸੁਰੱਖਿਆ ਜਾਣਕਾਰੀ

dpr

ਕੈਲੀਫ਼ੋਰਨੀਆ ਦੇ ਵਾਤਾਵਰਣ ਦੀ ਸੁਰੱਖਿਆ ਬਾਰੇ ਏਜੰਸੀ

**A No. 3**

# ਖੇਤੀਬਾੜੀ ਵਾਲੀਆਂ ਥਾਂਵਾਂ ਵਿੱਚ ਬੰਦ ਮਿਸ਼ਰਣ ਪਰਣਾਲੀਆਂ, ਪਾਣੀ ਵਿੱਚ ਘੁਲਣਸ਼ੀਲ ਪੈਕੇਜਿੰਗ, ਅਤੇ ਬੰਦ ਗੱਡੀਆਂ

**ਕੁਝ ਕੀਟਨਾਸ਼ਕਾਂ ਲਈ, ਤੁਹਾਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਲਈ ਵਾਧੂ ਸੁਰੱਖਿਆ ਨਿਯਮ, ਖ਼ਾਸ ਉਪਕਰਨ, ਅਤੇ ਪੈਕੇਜ ਹੁੰਦੇ ਹਨ।** ਇਸ ਤੋਂ ਪਹਿਲਾਂ ਕਿ ਤੁਸੀਂ ਇਸ ਤਰ੍ਹਾਂ ਦੇ ਕੀਟਨਾਸ਼ਕਾਂ ਦਾ ਇਸਤੇਮਾਲ ਕਰੋ, ਤੁਹਾਡੇ ਮਾਲਕ ਲਈ ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਤੁਹਾਨੂੰ ਇਹਨਾਂ ਨਿਯਮਾਂ ਬਾਰੇ ਪਤਾ ਹੈ। ਕੀਟਨਾਸ਼ਕਾਂ ਨੂੰ ਰਲਾਉਣ, ਲੱਦਣ, ਅਤੇ ਇਸਤੇਮਾਲ ਕਰਨ ਸਮੇਂ ਖੁਦ ਨੂੰ ਸੁਰੱਖਿਅਤ ਰੱਖਣ ਦੇ ਕਈ ਤਰੀਕੇ ਹਨ। ਤੁਹਾਡੇ ਲਈ ਲੇਬਲ 'ਤੇ ਲਿਖੀਆਂ ਹਿਦਾਇਤਾਂ ਦੀ ਪਾਲਣਾ ਕਰਨੀ, ਸਹੀ ਕੱਪੜੇ ਅਤੇ ਨਿੱਜੀ ਸੁਰੱਖਿਆ ਉਪਕਰਨ ਪਹਿਨਣਾ (PPE), ਅਤੇ ਸਹੀ ਉਪਕਰਣ ਦੀ ਵਰਤੋਂ ਕਰਨੀ ਜ਼ਰੂਰੀ ਹੈ।

ਸੁਰੱਖਿਆ ਸਬੰਧੀ ਸੁਝਾਅ

**3**

**ਬੰਦ ਮਿਸ਼ਰਣ ਪ੍ਰਣਾਲੀ ਦੀ ਵਰਤੋਂ ਕਰਦੇ ਸਮੇਂ ਤੁਹਾਡੇ ਲਈ ਹਮੇਸ਼ਾ ਅੱਖਾਂ** ਦੀ ਸੁਰੱਖਿਆ ਵਾਲੀਆਂ ਚੀਜ਼ਾਂ ਪਹਿਨਣਾ ਜ਼ਰੂਰੀ ਹੈ।

## ਖਤਰਨਾਕ ਕੀਟਨਾਸ਼ਕਾਂ ਨਾਲ ਕੰਮ ਕਰਦੇ ਸਮੇਂ ਵਰਤਣ ਲਈ ਵਾਧੂ ਸੁਰੱਖਿਆ ਦੇ ਤਿੰਨ ਖ਼ਾਸ ਪ੍ਰਕਾਰ ਇਹ ਹਨ

### 1. ਬੰਦ ਮਿਸ਼ਰਣ ਪ੍ਰਣਾਲੀਆਂ

"ਬੰਦ ਮਿਸ਼ਰਣ ਪ੍ਰਣਾਲੀ" ਅਜਿਹਾ ਉਪਕਰਨ ਹੈ, ਜੋ ਉਨ੍ਹਾਂ ਖਤਰਨਾਕ ਕੀਟਨਾਸ਼ਕਾਂ ਤੋਂ ਤੁਹਾਡੀ ਸੁਰੱਖਿਆ ਕਰਦਾ ਹੈ, ਜੋ ਤੁਹਾਡੇ ਚਮੜੀ 'ਤੇ ਪੈ ਸਕਦੇ ਹਨ। ਕੀਟਨਾਸ਼ਕ ਲੇਬਲ ਤੁਹਾਨੂੰ ਦੱਸੇਗਾ ਕਿ ਤੁਹਾਡੀ ਚਮੜੀ 'ਤੇ ਪੈਣ 'ਤੇ ਕੀਟਨਾਸ਼ਕ ਖਤਰਨਾਕ ਹੈ ਜਾਂ ਨਹੀਂ। ਬੰਦ ਮਿਸ਼ਰਣ ਪ੍ਰਣਾਲੀਆਂ ਤੁਹਾਡੇ ਲਈ ਆਪਣੇ ਕੰਟੇਨਰ ਵਿੱਚੋਂ ਕੀਟਨਾਸ਼ਕ ਲੈਂਦੀਆਂ ਹਨ ਅਤੇ ਤੁਹਾਨੂੰ ਉਸਨੂੰ ਛੂਹਣ ਤੋਂ ਬਚਾਉਂਦੀਆਂ ਹਨ। ਉਹ ਤੁਹਾਡੇ ਲਈ ਕੰਟੇਨਰ ਵਿੱਚੋਂ ਕੀਟਨਾਸ਼ਕ ਨੂੰ ਅਤੇ ਇਸਤੇਮਾਲ ਟੈਂਕ ਵਿੱਚ ਕਿਸੇ ਵੀ ਨਲੀਆਂ ਨੂੰ ਧੋ ਵੀ ਸਕਦੀਆਂ ਹਨ। ਇਸ ਤੋਂ ਪਹਿਲਾਂ ਕਿ ਤੁਸੀਂ ਬੰਦ ਮਿਸ਼ਰਣ ਪ੍ਰਣਾਲੀ ਦਾ ਇਸਤੇਮਾਲ ਕਰੋ, ਤੁਹਾਡੇ ਲਈ ਸਿੱਖਿਅਤ ਹੋਣਾ ਜ਼ਰੂਰੀ ਹੈ ਕਿ ਇਸਦਾ ਇਸਤੇਮਾਲ ਕਿਵੇਂ ਕਰਨਾ ਹੈ ਅਤੇ ਕਿਹੜੇ ਸੁਰੱਖਿਆ ਨਿਯਮਾਂ ਦੀ ਪਾਲਣਾ ਕਰਨੀ ਹੈ।

ਦੋ ਪ੍ਰਕਾਰ ਦੀਆਂ ਬੰਦ ਮਿਸ਼ਰਣ ਪ੍ਰਣਾਲੀਆਂ ਹੁੰਦੀਆਂ ਹਨ:

- **ਟੀਅਰ 1** ਬੰਦ ਮਿਸ਼ਰਣ ਪ੍ਰਣਾਲੀ, ਜੋ ਕੰਟੇਨਰ ਵਿੱਚੋਂ ਕੀਟਨਾਸ਼ਕ ਕੱਢਦੀ ਹੈ ਅਤੇ ਬੰਦ ਪ੍ਰਣਾਲੀ ਨਾਲ ਜੁੜੇ ਹੋਣ ਦੇ ਦੌਰਾਨ ਹੀ ਖਾਲੀ ਕੰਟੇਨਰ ਧੋਂਦੀ ਅਤੇ ਸੁਕਾਉਂਦੀ ਹੈ।
- **ਟੀਅਰ 2** ਬੰਦ ਮਿਸ਼ਰਣ ਪ੍ਰਣਾਲੀ, ਜੋ ਕੰਟੇਨਰ ਵਿੱਚੋਂ ਕੀਟਨਾਸ਼ਕ ਕੱਢਦੀ ਹੈ ਪਰ ਕੰਟੇਨਰ ਨੂੰ ਧੋਂਦੀ ਨਹੀਂ ਹੈ।




## ਮੈਨੂੰ ਬੰਦ ਮਿਸ਼ਰਣ ਪ੍ਰਣਾਲੀ ਦਾ ਇਸਤੇਮਾਲ ਕਦੋਂ ਕਰਨਾ ਹੈ ਅਤੇ ਮੈਨੂੰ ਕਿਹੜੇ ਪ੍ਰਕਾਰ ਦਾ ਇਸਤੇਮਾਲ ਕਰਨਾ ਚਾਹੀਦਾ ਹੈ?

**ਤੁਹਾਡੇ ਲਈ ਟੀਅਰ 1 ਬੰਦ ਮਿਸ਼ਰਣ ਪ੍ਰਣਾਲੀ** ਦਾ ਇਸਤੇਮਾਲ ਕਰਨਾ ਜ਼ਰੂਰੀ ਹੈ, ਜੇ ਤੁਸੀਂ "ਘਾਤਕ, ਜੇ ਚਮੜੀ ਦੇ ਅੰਦਰ ਚਲਾ ਜਾਵੇ" ਜਾਂ ਅਜਿਹਾ ਕੁਝ ਲਿਖੇ ਹੋਏ ਲੇਬਲ ਵਾਲਾ ਤਰਲ ਕੀਟਨਾਸ਼ਕ ਰਲਾਉਂਦੇ ਹੋ।

**ਤੁਹਾਡੇ ਲਈ ਟੀਅਰ 2 ਬੰਦ ਮਿਸ਼ਰਣ ਪ੍ਰਣਾਲੀ** ਜੇਕਰ ਤੁਸੀਂ ਤਰਲ ਕੀਟਨਾਸ਼ਕਾਂ ਨੂੰ (ਸਪਰੇਅ ਸਹਾਇਕਾਂ/ਅਡਜੂਵੈਂਟਸ ਨੂੰ ਛੱਡ ਕੇ) ਮਿਲਾਉਂਦੇ ਹੋ ਜਿਨ੍ਹਾਂ ਦੇ ਲੇਬਲ 'ਤੇ ਇਹ ਲਿਖਿਆ ਹੋਵੇ: "ਜੇ ਚਮੜੀ ਰਾਹੀਂ ਜਜ਼ਬ ਹੋ ਜਾਵੇ ਤਾਂ ਜਾਨਲੇਵਾ ਹੋ ਸਕਦਾ ਹੈ," "ਜ਼ਹਿਰੀਲਾ, ਚਮੜੀ ਨੂੰ ਨੁਕਸਾਨ ਪਹੁੰਚਾਉਂਦਾ ਹੈ," ਜਾਂ "ਜ਼ਹਿਰੀਲਾ ਚਮੜੀ ਵਿੱਚ ਜਲਣ ਪੈਦਾ ਕਰਦਾ ਹੈ," ਜਾਂ ਇਸੇ ਤਰ੍ਹਾਂ ਦਾ ਕੁਝ।

ਜੇ ਤੁਸੀਂ ਇੱਕੋ ਹੀ ਦਿਨ ਵਿੱਚ ਟੀਅਰ 2 ਬੰਦ ਮਿਸ਼ਰਣ ਪ੍ਰਣਾਲੀ ਦੇ ਇਸਤੇਮਾਲ ਦੀ ਲੋੜ ਵਾਲੇ ਕਿਸੇ ਕੀਟਨਾਸ਼ਕ ਦਾ ਇੱਕ ਗੈਲਨ ਜਾਂ ਘੱਟ ਰਲਾ ਜਾਂ ਲੱਦ ਰਹੇ ਹੋ, ਤਾਂ ਤੁਹਾਨੂੰ ਬੰਦ ਮਿਸ਼ਰਣ ਪ੍ਰਣਾਲੀ ਦਾ ਇਸਤੇਮਾਲ ਨਹੀਂ ਕਰਨਾ ਪਵੇਗਾ, ਪਰ ਲੇਬਲ ਜਾਂ ਹੋਰਾਂ ਨਿਯਮਾਂ ਦੇ ਅਨੁਸਾਰ ਲੋੜੀਂਦੇ ਸਾਰੇ PPE ਪਹਿਨਣੇ ਪੈਣਗੇ।

ਜੇ ਤੁਸੀਂ ਘੱਟ ਤੋਂ ਘੱਟ ਪ੍ਰਭਾਵ ਵਾਲਾ ਕੀਟਨਾਸ਼ਕ ਰਲਾਉਂਦੇ ਜਾਂ ਲੱਦਦੇ ਹੋ, ਤਾਂ ਤੁਸੀਂ ਖੁਦ ਨੂੰ ਸੁਰੱਖਿਅਤ ਕਰਨ ਲਈ ਬੰਦ ਪ੍ਰਣਾਲੀ ਦਾ ਇਸਤੇਮਾਲ ਕਰ ਸਕਦੇ ਹੋ ਅਤੇ ਖ਼ਾਸ PPE ਪਹਿਨਣ ਦੀ ਲੋੜ ਨਹੀਂ। ਘੱਟ ਤੋਂ ਘੱਟ ਪ੍ਰਭਾਵ ਵਾਲਾ ਕੀਟਨਾਸ਼ਕ ਬਾਰੇ ਹੋਰ ਜਾਣਕਾਰੀ ਲਈ ਆਪਣੇ ਮਾਲਕ ਨੂੰ A-6 ਸੁਰੱਖਿਆ ਲੀਫ਼ਲੈਟ (ਪਰਚੇ) ਲਈ ਕਹੋ।



## ਬੰਦ ਮਿਸ਼ਰਣ ਪ੍ਰਣਾਲੀ ਦੀ ਦੇਖਭਾਲ ਕੌਣ ਕਰਦਾ ਹੈ?

ਤੁਹਾਡੇ ਮਾਲਕ ਲਈ ਇਹ ਯਕੀਨੀ ਬਣਾਉਣ ਜ਼ਰੂਰੀ ਹੈ ਕਿ ਬੰਦ ਮਿਸ਼ਰਣ ਪ੍ਰਣਾਲੀ ਸਹੀ ਢੰਗ ਨਾਲ ਕੰਮ ਕਰ ਰਹੀ ਹੈ ਅਤੇ ਨਿਯਮਿਤ ਰੂਪ ਨਾਲ ਸਾਫ਼ ਕੀਤੀ ਜਾਂਦੀ ਹੈ। ਜੇ ਇਹ ਸਹੀ ਢੰਗ ਨਾਲ ਕੰਮ ਨਹੀਂ ਕਰ ਰਹੀ ਹੈ ਤਾਂ ਇਹ ਤੁਹਾਨੂੰ ਸੁਰੱਖਿਅਤ ਨਹੀਂ ਰੱਖੇਗੀ। ਕੀਟਨਾਸ਼ਕ ਨਾਲ ਕੰਮ ਕਰਨ ਤੋਂ ਪਹਿਲਾਂ ਤੁਹਾਨੂੰ ਇਸਦੇ ਠੀਕ ਹੋਣ ਤੱਕ ਉਡੀਕ ਕਰਨ ਦਾ ਹੱਕ ਹੈ।

## 2. ਪਾਣੀ ਵਿੱਚ ਘੁਲਣਸ਼ੀਲ ਪੈਕੇਜਿੰਗ

ਕੁਝ ਕੀਟਨਾਸ਼ਕਾਂ ਲਈ, ਕੀਟਨਾਸ਼ਕ ਦਾ ਨਿਰਮਾਤਾ ਵੀ ਨੁਕਸਾਨ ਤੋਂ ਤੁਹਾਡੀ ਸੁਰੱਖਿਆ ਲਈ ਕਦਮ ਚੁੱਕਦਾ ਹੈ। "ਪਾਣੀ ਵਿੱਚ ਘੁਲਣਸ਼ੀਲ ਪੈਕੇਜਿੰਗ" ਇੱਕ ਖ਼ਾਸ ਕੀਟਨਾਸ਼ਕ ਕੰਟੇਨਰ ਜਾਂ ਪੈਕੇਜ ਹੈ। ਜਦੋਂ ਪੈਕੇਜ ਨੂੰ ਪਾਣੀ ਵਿੱਚ ਪਾਇਆ ਜਾਂਦਾ ਹੈ ਤਾਂ ਪੈਕੇਜ ਅਤੇ ਕੀਟਨਾਸ਼ਕ ਦੋਵੇਂ ਹੀ ਘੁਲ ਜਾਂਦੇ ਹਨ। ਪਾਣੀ ਵਿੱਚ ਘੁਲਣਸ਼ੀਲ ਪੈਕੇਜਿੰਗ ਵਿੱਚ ਕੀਟਨਾਸ਼ਕਾਂ ਦਾ ਇਸਤੇਮਾਲ ਕਰਨ ਨਾਲ ਇਹ ਤੁਹਾਡੀ ਉਵੇਂ ਹੀ ਸੁਰੱਖਿਆ ਕਰਦੇ ਹਨ, ਜਿਵੇਂ ਕਿ ਬੰਦ ਮਿਸ਼ਰਣ ਪ੍ਰਣਾਲੀ ਕਰਦੀ ਹੈ। **ਕਦੇ ਵੀ** ਪਾਣੀ ਵਿੱਚ ਘੁਲਣਸ਼ੀਲ ਪੈਕੇਜ ਨੂੰ ਨਾ ਕੱਟੋ, ਭਾਵੇਂ ਤੁਸੀਂ ਇਸਦਾ ਸਿਰਫ਼ ਕੁਝ ਹਿੱਸਾ ਹੀ ਇਸਤੇਮਾਲ ਕਰਨਾ ਚਾਹੁੰਦੇ ਹੋ। ਇਸ ਨਾਲ ਕੀਟਨਾਸ਼ਕ ਤੁਹਾਡੇ ਉੱਤੇ ਪੈਣ ਅਤੇ ਤੁਹਾਨੂੰ ਬੀਮਾਰ ਕਰਨ ਜਾਂ ਨੁਕਸਾਨ ਪਹੁੰਚਾਉਣ ਦਾ ਬਹੁਤ ਵੱਡਾ ਖਤਰਾ ਪੈਦਾ ਹੁੰਦਾ ਹੈ।

## 3. ਬੰਦ ਗੱਡੀਆਂ

"ਬੰਦ ਗੱਡੀ" ਅਜਿਹੀ ਥਾਂ ਹੈ, ਜਿੱਥੇ ਤੁਸੀਂ ਉਸ ਸਮੇਂ ਬੈਠ ਸਕਦੇ ਹੋ ਅਤੇ ਸੁਰੱਖਿਅਤ ਰਹਿ ਸਕਦੇ ਹੋ, ਜਦੋਂ ਤੁਹਾਡੇ ਆਲੇ-ਦੁਆਲੇ ਕੀਟਨਾਸ਼ਕਾਂ ਦਾ ਇਸਤੇਮਾਲ ਕੀਤਾ ਜਾ ਰਿਹਾ ਹੋਵੇ। ਬੰਦ ਗੱਡੀਆਂ ਹਵਾਈ ਜਹਾਜ਼ ਦੀ ਪਾਇਲਟ ਦੇ ਬੈਠਣ ਵਾਲੀ ਥਾਂ (ਕੌਕਪਿਟ), ਜਾਂ ਬੰਦ ਕੀਤੀਆਂ ਜਾ ਸਕਣ ਵਾਲੀਆਂ ਖਿੜਕੀਆਂ ਅਤੇ ਦਰਵਾਜਿਆਂ ਵਾਲਾ ਕੋਈ ਟ੍ਰੈਕਟਰ ਜਾਂ ਹੋਰ ਵਾਹਨ ਹੋ ਸਕਦਾ ਹੈ। ਬੰਦ ਗੱਡੀਆਂ ਨੂੰ ਕਿਸੇ ਵੀ ਉਸ ਬਾਹਰਲੀ ਚੀਜ਼ ਨੂੰ ਛੂਹਣ ਤੋਂ ਬਚਾਉਣਾ ਜ਼ਰੂਰੀ ਹੈ, ਜਿਸ ਉੱਤੇ ਕੀਟਨਾਸ਼ਕ ਲੱਗਿਆ ਹੋਵੇ। ਲੇਬਲ 'ਤੇ ਲਿਖਿਆ ਹੋ ਸਕਦਾ ਹੈ ਕਿ ਤੁਸੀਂ ਇਸਤੇਮਾਲ ਦੇ ਦੌਰਾਨ ਕਿਸੇ ਬੰਦ ਗੱਡੀ ਦਾ ਇਸਤੇਮਾਲ ਕਰੋ। ਤੁਹਾਡਾ ਮਾਲਕ ਵੀ ਵਾਧੂ ਸੁਰੱਖਿਆ ਲਈ ਬੰਦ ਗੱਡੀ ਮੁਹੱਈਆ ਕਰ ਸਕਦਾ ਹੈ।



ਭਾਵੇਂ ਤੁਹਾਨੂੰ ਲੇਬਲ ਦੀਆਂ ਸ਼ਰਤਾਂ ਜਾਂ ਕੈਲੀਫ਼ੋਰਨੀਆ ਦੇ ਨਿਯਮਾਂ ਦੇ ਅਨੁਸਾਰ ਸਾਰੇ PPE ਨਾ ਪਹਿਨਣੇ ਪੈਣ, ਫਿਰ ਵੀ ਇਹ ਤੁਹਾਡੇ ਕੋਲ ਹੋਣੇ ਅਤੇ ਇੱਕ ਸੀਲਬੰਦ ਕੰਟੇਨਰ ਵਿੱਚ ਸਾਂਭੇ ਹੋਣੇ ਜ਼ਰੂਰੀ ਹਨ। ਜਦੋਂ ਤੁਸੀਂ ਇਸਤੇਮਾਲ ਵਾਲੇ ਖੇਤਰ ਵਿੱਚ ਹੋਵੋ ਤਾਂ ਕੈਬ ਵਿੱਚੋਂ ਨਿੱਕਲਦੇ ਸਮੇਂ ਤੁਹਾਡੇ ਲਈ PPE ਪਹਿਨਣਾ ਜ਼ਰੂਰੀ ਹੈ। ਜਦੋਂ ਤੁਸੀਂ ਇਸਤੇਮਾਲ ਵਾਲੇ ਖੇਤਰ ਵਿੱਚ PPE ਪਹਿਨੋ, ਤਾਂ ਕੈਬ ਵਿੱਚ ਮੁੜ ਦਾਖ਼ਲ ਹੋਣ ਤੋਂ ਪਹਿਲਾਂ ਤੁਹਾਡੇ ਲਈ ਇਹਨਾਂ ਨੂੰ ਉਤਾਰਨਾ ਜ਼ਰੂਰੀ ਹੈ।

## ਜੇ ਮੈਂ ਵਾਧੂ ਸੁਰੱਖਿਆ ਉਪਕਰਨ ਵਰਤਾਂ, ਤਾਂ ਕੀ ਤਦ ਵੀ ਮੈਨੂੰ ਨਿੱਜੀ ਸੁਰੱਖਿਆ ਉਪਕਰਨ (PPE) ਪਹਿਨਣ ਦੀ ਲੋੜ ਹੈ?

ਬੰਦ ਪ੍ਰਣਾਲੀ ਦਾ ਇਸਤੇਮਾਲ ਕਰਦੇ ਸਮੇਂ ਤੁਹਾਡੇ ਲਈ ਹਮੇਸ਼ਾ ਅੱਖਾਂ ਦੀਆਂ ਸੁਰੱਖਿਆ ਵਾਲੀ ਚੀਜ਼ਾਂ ਪਹਿਨਣਾ ਜ਼ਰੂਰੀ ਹੈ, ਜਿਨ੍ਹਾਂ ਵਿੱਚ ਪਾਣੀ ਵਿੱਚ ਘੁਲਣਸ਼ੀਲ ਪੈਕੇਜਿੰਗ ਵਿੱਚ ਕੀਟਨਾਸ਼ਕ ਸ਼ਾਮਲ ਹਨ। ਪਰ ਕਦੇ-ਕਦਾਈਂ ਤੁਸੀਂ ਵੱਖਰੇ PPE ਪਹਿਨ ਸਕਦੇ ਹੋ। ਕੀਟਨਾਸ਼ਕ ਦੇ ਲੇਬਲ 'ਤੇ ਅਤੇ ਕੈਲੀਫ਼ੋਰਨੀਆ ਦੇ ਨਿਯਮਾਂ ਵਿੱਚ ਸੂਚੀਬੱਧ ਹੈ ਕਿ ਕੁਝ ਕੀਟਨਾਸ਼ਕਾਂ ਲਈ ਤੁਹਾਨੂੰ ਕਿਹੜੇ PPE ਦੀ ਲੋੜ ਹੈ। ਹੇਠਾਂ ਦਿੱਤੇ ਚਾਰਟ ਵਿੱਚ ਉਹ PPE ਸੂਚੀਬੱਧ ਹਨ, ਜੋ ਤੁਸੀਂ ਵਾਧੂ ਸੁਰੱਖਿਆ ਉਪਕਰਨ ਦਾ ਇਸਤੇਮਾਲ ਕਰਦੇ ਸਮੇਂ ਪਹਿਨ ਸਕਦੇ ਹੋ। ਜਦੋਂ ਤੁਸੀਂ ਵਾਧੂ ਸੁਰੱਖਿਆ ਉਪਕਰਨ ਦਾ ਇਸਤੇਮਾਲ ਕਰਦੇ ਸਮੇਂ, ਭਾਵੇਂ ਤੁਹਾਨੂੰ ਲੇਬਲ 'ਤੇ ਲਿਖੇ ਅਨੁਸਾਰ ਸਾਰੇ PPE ਨਾ ਪਹਿਨਣੇ ਪੈਣ, ਫਿਰ ਵੀ ਕਿਸੇ ਐਮਰਜੈਂਸੀ ਦੀ ਸਥਿਤੀ ਲਈ ਸਾਰੇ PPE ਉਸ ਥਾਂ 'ਤੇ ਹੋਣੇ ਜ਼ਰੂਰੀ ਹਨ, ਜਿੱਥੇ ਤੁਸੀਂ ਕੀਟਨਾਸ਼ਕ ਰਲਾਉਂਦੇ ਜਾਂ ਲੱਦਦੇ ਹੋ।




### ਉਹ PPE (ਨਿੱਜੀ ਸੁਰੱਖਿਆ ਉਪਕਰਣ) ਜੋ ਤੁਸੀਂ ਵਾਧੂ ਸੁਰੱਖਿਆ ਉਪਕਰਨ ਦਾ ਇਸਤੇਮਾਲ ਕਰਦੇ ਸਮੇਂ ਵਰਤ ਸਕਦੇ ਹੋ

| ਜੇਕਰ ਤੁਸੀਂ ਇਸਦੀ ਵਰਤੋਂ ਕਰਦੇ ਹੋ | ਇਸਦੀ ਬਜਾਏ | ਤਾਂ ਤੁਸੀਂ [1] |
|---|---|---|
| ਲੇਬਲ ਜਾਂ ਕੈਲੀਫ਼ੋਰਨੀਆ ਦੇ ਨਿਯਮਾਂ ਦੇ ਅਨੁਸਾਰ ਲੋੜੀਂਦਾ PPE | ਬੰਦ ਮਿਸ਼ਰਣ ਪ੍ਰਣਾਲੀ ਜਾਂ "ਖ਼ਤਰਾ" ਜਾਂ "ਚੇਤਾਵਨੀ" ਸੰਕੇਤ ਸ਼ਬਦ ਵਾਲੇ ਕੀਟਨਾਸ਼ਕਾਂ ਲਈ ਪਾਣੀ ਵਿੱਚ ਘੁਲਣਸ਼ੀਲ ਪੈਕੇਟਾਂ ਦਾ ਇਸਤੇਮਾਲ ਕਰਦੇ ਹੋ | ਕਵਰਆਲ, ਰਸਾਇਣ-ਪ੍ਰਤੀਰੋਧਕ ਦਸਤਾਨੇ, ਰਸਾਇਣ-ਪ੍ਰਤੀਰੋਧਕ ਐਪਰਨ, ਅਤੇ ਅੱਖਾਂ ਦੀਆਂ ਸੁਰੱਖਿਆ ਵਾਲੀਆਂ ਚੀਜ਼ਾਂ ਵਰਤ ਸਕਦੇ ਹੋ |
| ਲੇਬਲ ਜਾਂ ਕੈਲੀਫ਼ੋਰਨੀਆ ਦੇ ਨਿਯਮਾਂ ਦੇ ਅਨੁਸਾਰ ਲੋੜੀਂਦਾ PPE | ਬੰਦ ਮਿਸ਼ਰਣ ਪ੍ਰਣਾਲੀ ਜਾਂ "ਸਾਵਧਾਨੀ" ਸੰਕੇਤ ਸ਼ਬਦ ਵਾਲੇ ਕੀਟਨਾਸ਼ਕਾਂ ਲਈ ਪਾਣੀ ਵਿੱਚ ਘੁਲਣਸ਼ੀਲ ਪੈਕੇਟ | ਕੰਮ ਵਾਲੇ ਕੱਪੜੇ (ਕਮੀਜ਼, ਪੈਂਟਾਂ, ਜੁੱਤੀਆਂ) ਅਤੇ ਅੱਖਾਂ ਦੀ ਸੁਰੱਖਿਆ |
| ਲੇਬਲ ਜਾਂ ਕੈਲੀਫ਼ੋਰਨੀਆ ਦੇ ਨਿਯਮਾਂ ਦੇ ਅਨੁਸਾਰ ਲੋੜੀਂਦਾ PPE, ਕਿਸੇ ਰੈਸਪੀਰੇਟਰ (ਸ਼ਵਾਸ-ਯੰਤਰ) ਦੀ ਲੋੜ ਨਹੀਂ | ਬੰਦ ਗੱਡੀ | ਕੰਮ ਵਾਲੇ ਕੱਪੜੇ |
| ਲੇਬਲ ਦੇ ਅਨੁਸਾਰ, ਜਾਂ ਕੈਲੀਫ਼ੋਰਨੀਆ ਦੇ ਨਿਯਮਾਂ ਦੇ ਅਨੁਸਾਰ ਲੋੜੀਂਦਾ ਫਿਲਟਰਿੰਗ ਫੇਸ ਪੀਸ ਜਾਂ ਮਿੱਟੀ/ਜਾਲੇ ਨੂੰ ਫਿਲਟਰ ਕਰਨ ਵਾਲਾ ਰੈਸਪੀਰੇਟਰ (ਸ਼ਵਾਸ-ਯੰਤਰ) ਸਮੇਤ PPE | ਸਹੀ ਢੰਗ ਨਾਲ ਪ੍ਰਬੰਧਿਤ ਅਤੇ ਕੰਮ ਕਰਨ ਯੋਗ ਹਵਾਦਾਰ ਪ੍ਰਣਾਲੀ **ਵਾਲੀ** ਬੰਦ ਗੱਡੀ | ਕੰਮ ਵਾਲੇ ਕੱਪੜੇ |
| ਲੇਬਲ ਦੇ ਅਨੁਸਾਰ, [2] ਜਾਂ ਕੈਲੀਫ਼ੋਰਨੀਆ ਦੇ ਨਿਯਮਾਂ ਦੇ ਅਨੁਸਾਰ ਲੋੜੀਂਦੇ ਵੱਖਰੇ ਤਰ੍ਹਾਂ ਦੇ ਰੈਸਪੀਰੇਟਰ (ਸ਼ਵਾਸ-ਯੰਤਰ) ਸਮੇਤ PPE | ਬੰਦ ਗੱਡੀ | ਲੇਬਲ ਦੇ ਅਨੁਸਾਰ ਲੋੜੀਂਦੇ ਕੰਮ ਵਾਲੇ ਕੱਪੜੇ ਅਤੇ ਰੈਸਪੀਰੇਟਰ (ਸ਼ਵਾਸ-ਯੰਤਰ) |

**1** ਲੇਬਲ ਜਾਂ ਕੈਲੀਫ਼ੋਰਨੀਆ ਦੇ ਨਿਯਮਾਂ ਦੇ ਅਨੁਸਾਰ ਲੋੜੀਂਦੇ ਸਾਰੇ PPE ਐਮਰਜੈਂਸੀ ਦੀ ਸਥਿਤੀ ਲਈ ਕੰਮ ਵਾਲੀ ਸਾਈਟ 'ਤੇ ਹੋਣੇ ਜ਼ਰੂਰੀ ਹਨ।

**2** ਉਦਾਹਰਨ ਲਈ, ਜੈਵਿਕ ਵਾਸ਼ਪ ਕਾਰਟਰਿਜ ਵਾਲਾ ਅੱਧੇ-ਚਿਹਰੇ ਦਾ ਜਾਂ ਪੂਰੇ-ਚਿਹਰੇ ਦਾ ਰੈਸਪੀਰੇਟਰ (ਸ਼ਵਾਸ-ਯੰਤਰ)।

ਜੇ ਤੁਹਾਨੂੰ ਆਪਣੀ ਟ੍ਰੇਨਿੰ ਗ ਵਿੱਚ ਲੋੜੀਂਦੀ ਸਾਰੀ ਜਾਣਕਾਰੀ ਨਹੀਂ ਮਿਲਦੀ ਜਾਂ ਤੁਸੀਂ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਬਾਰੇ ਸ਼ਿਕਾਇਤ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਹੋਰ ਜਾਣਕਾਰੀ ਲਈ ਆਪਣੇ ਕਾਉਂਟੀ ਦੇ ਐਗਰੀਕਲਚਰ ਕਮਿਸ਼ਨਰ ਜਾਂ ਡੀਪੀਆਰ ਨੂੰ ਫ਼ੋਨ ਕਰਨਾ ਚਾਹੀਦਾ ਹੈ। ਤੁਹਾਨੂੰ ਆਪਣੀ ਸਥਾਨਕ ਸਫੈਦ ਪੰਨਿਆਂ ਦੀ ਫੋਨ ਡਾਇਰੈਕਟਰੀ ਵਿੱਚ ਕਮਿਸ਼ਨਰ ਦਾ ਨੰਬਰ ਲਵੋ

https://www.cdfa.ca.gov/exec/county/countymap/

**ਡੀਪੀਆਰ ਦੇ ਖੇਤਰੀ ਦਫਤਰ ਹਨ:**
- **ਉੱਤਰੀ (ਵੈਸਟ ਸੈਕਰਾਮੈਂਟੋ) (916) 376-8960**
- **ਸੈਂਟਰਲ (ਕਲੋਇਸ) (559) 297-3511**
- **ਦੱਖਣੀ (ਐਨਾਹਾਇਮ) (714) 279-7690**

**ਕੀਟਨਾਸ਼ਕ ਬਾਰੇ ਸ਼ਿਕਾਇਤ ?**
**1-87PestLine**
**ਜਾਣਕਾਰੀ ਲਾਈਨ**
**1-877-378-5463**

ਸੁਰੱਖਿਆ ਸਬੰਧੀ ਲੀਫ਼ਲੈਟ (ਪਰਚੇ) ਇੱਥੇ ਉਪਲੱਬਧ ਹਨ:
www.cdpr.ca.gov/worker-health-and-safety/education-series

# ਕੀਟਨਾਸ਼ਕ ਸੁਰੱਖਿਆ ਜਾਣਕਾਰੀ

dpr

ਕੈਲੀਫ਼ੋਰਨੀਆ ਦੇ ਵਾਤਾਵਰਣ ਦੀ ਸੁਰੱਖਿਆ ਬਾਰੇ ਏਜੰਸੀ

A No. 4


# ਫਸਟ ਏਡ ਅਤੇ ਐਮਰਜੈਂਸੀ ਕੀਟਾਣੂ ਰਹਿਤ ਕਰਨਾ

**ਫਸਟ ਏਡ ਸੱਟ ਲੱਗਣ ਜਾਂ ਕੀਟਨਾਸ਼ਕਾਂ ਦਾ ਪ੍ਰਭਾਵ ਹੋਣ ਦੇ ਤੁਰੰਤ ਬਾਅਦ ਬੀਮਾਰ ਜਾਂ ਜ਼ਖਮੀ ਵਿਅਕਤੀ ਨੂੰ ਉਦੋਂ ਤੱਕ ਦਿੱਤੀ ਜਾਣ ਵਾਲੀ ਕੋਈ ਵੀ ਮਦਦ ਹੁੰਦੀ ਹੈ, ਜਦੋਂ ਤੱਕ ਪੂਰੀ ਮੈਡੀਕਲ ਦੇਖਭਾਲ ਉਪਲਬਧ ਨਾ ਹੋਵੇ।** ਜੇ ਕੰਮ 'ਤੇ ਕੋਈ ਬੀਮਾਰ ਹੋ ਜਾਵੇ ਜਾਂ ਕਿਸੇ ਨੂੰ ਨੁਕਸਾਨ ਪਹੁੰਚੇ ਤਾਂ ਹਮੇਸ਼ਾ ਆਪਣੇ ਮਾਲਕ ਨੂੰ ਦੱਸੋ। ਕਦੇ ਵੀ ਬੀਮਾਰ ਜਾਂ ਜ਼ਖਮੀ ਵਿਅਕਤੀ ਨੂੰ ਡਾਕਟਰ ਕੋਲ ਜਾਣ ਲਈ ਖੁਦ ਡ੍ਰਾਈਵ ਨਾ ਕਰੋ।

ਸੁਰੱਖਿਆ ਸਬੰਧੀ ਸੁਝਾਅ

**4**

**ਐਮਰਜੈਂਸੀ ਦੀ ਸਥਿਤੀ ਵਿੱਚ**

**911**

ਜਾਂ ਜ਼ਹਿਰ ਨਿਯੰਤਰਣ ਕੇਂਦਰ (poison control center) ਦਾ ਮੁਫ਼ਤ ਫ਼ੋਨ ਨੰਬਰ, 1-800-222-1222 ਡਾਇਲ ਕਰੋ

ਹੋਰਾਂ ਵਿਸ਼ਿਆਂ ਦੇ ਨਾਲ-ਨਾਲ, ਤੁਹਾਡੇ ਮਾਲਕ ਵੱਲੋਂ ਤੁਹਾਡੀ ਕੀਟਨਾਸ਼ਕ ਸੁਰੱਖਿਆ ਟ੍ਰੇਨਿੰਗ ਵਿੱਚ ਇਹ ਸ਼ਾਮਲ ਹੋਣਗੇ:

- ਕੀਟਨਾਸ਼ਕਾਂ ਨਾਲ ਕੰਮ ਕਰਨ ਤੋਂ ਬਾਅਦ ਜਾਂ ਹੁਣੇ ਜਿਹੇ ਹੀ ਕੀਟਨਾਸ਼ਕਾਂ ਦਾ ਇਸਤੇਮਾਲ ਕੀਤੇ ਖੇਤਾਂ ਵਿੱਚ ਕੰਮ ਕਰਦੇ ਸਮੇਂ ਆਪਣੇ ਹੱਥ, ਸਰੀਰ, ਅਤੇ ਕੱਪੜੇ ਧੋਣਾ ਅਤੇ ਸਾਫ਼ ਕੱਪੜੇ ਬਦਲਣਾ।
- ਐਮਰਜੈਂਸੀ ਮੈਡੀਕਲ ਦੇਖਭਾਲ ਕਿਵੇਂ ਅਤੇ ਕਦੋਂ ਪ੍ਰਾਪਤ ਕੀਤੀ ਜਾਵੇ।
- ਕੁਝ ਕਰਮਚਾਰੀਆਂ ਲਈ ਟ੍ਰੇਨਿੰਗ ਵਿੱਚ ਕੀਟਨਾਸ਼ਕ ਇਸਤੇਮਾਲ ਉਪਕਰਨ ਅਤੇ ਨਿੱਜੀ ਸੁਰੱਖਿਆ ਉਪਕਰਨ (PPE), ਜਿਸਨੂੰ ਮੁੜ-ਇਸਤੇਮਾਲ ਕੀਤਾ ਜਾ ਸਕਦਾ ਹੈ, ਨੂੰ ਸਾਫ਼ ਕਰਨਾ ਵੀ ਸ਼ਾਮਲ ਹੋ ਸਕਦਾ ਹੈ।

ਹਾਲਾਂਕਿ, ਦੁਰਘਟਨਾਵਾਂ ਅਤੇ ਐਮਰਜੈਂਸੀ ਦੀਆਂ ਸਥਿਤੀਆਂ ਵਾਪਰ ਸਕਦੀਆਂ ਹਨ। ਕੁਝ ਅਜਿਹੇ ਉਪਾਅ ਹਨ, ਜੋ ਤੁਸੀਂ ਐਮਰਜੈਂਸੀ ਦੀ ਸਥਿਤੀ ਵਿੱਚ ਤਿਆਰੀ ਲਈ ਅਤੇ ਖੁਦ ਦੀ ਜਾਂ ਦੂਜਿਆਂ ਦੀ ਮਦਦ ਲਈ ਬਿਹਤਰ ਢੰਗ ਨਾਲ ਤਿਆਰ ਹੋਣ ਲਈ ਕਰ ਸਕਦੇ ਹੋ। ਇਸ ਲੀਫ਼ਲੈਟ (ਪਰਚੇ) ਵਿੱਚ ਉਹ ਉਪਾਅ ਦਿੱਤੇ ਗਏ ਹਨ, ਜੋ ਤੁਸੀਂ ਅਤੇ ਤੁਹਾਡਾ ਮਾਲਕ ਐਮਰਜੈਂਸੀ ਦੀ ਸਥਿਤੀ ਵਿੱਚ ਤਿਆਰ ਹੋਣ ਵਿੱਚ ਮਦਦ ਲਈ ਕਰ ਸਕਦੇ ਹੋ।

## ਮੈਂ ਐਮਰਜੈਂਸੀ ਲਈ ਤਿਆਰੀ ਕਿਵੇਂ ਕਰਾਂ?

1. ਜੇ ਤੁਸੀਂ ਕੀਟਨਾਸ਼ਕਾਂ ਨੂੰ ਰਲਾਉਂਦੇ, ਲੱਦਦੇ, ਜਾਂ ਇਸਤੇਮਾਲ ਕਰਦੇ ਹੋ, ਤਾਂ ਕੀਟਨਾਸ਼ਕ ਲੇਬਲ ਪੜ੍ਹੋ:
   a. ਫਸਟ ਏਡ ਵਾਲੇ ਭਾਗ ਵਿੱਚ ਸੂਚੀਬੱਧ ਹੈ ਕਿ ਜੇ ਤੁਸੀਂ ਜਾਂ ਦੂਜੇ ਕੀਟਨਾਸ਼ਕਾਂ ਦੇ ਪ੍ਰਭਾਵ ਵਿੱਚ ਆ ਜਾਓ ਤਾਂ ਤੁਹਾਨੂੰ ਕੀ ਕਰਨਾ ਚਾਹੀਦਾ ਹੈ।
   b. ਸਾਵਧਾਨੀ ਵਾਲੇ ਕਥਨਾਂ ਵਿੱਚ ਲੋਕਾਂ ਨੂੰ ਹੋਣ ਵਾਲੇ ਖ਼ਤਰੇ ਅਤੇ ਖੁਦ ਦੀ ਸੁਰੱਖਿਆ ਲਈ ਤਰੀਕੇ ਸੂਚੀਬੱਧ ਹਨ, ਜਿਵੇਂ ਪਹਿਨਣ ਲਈ PPE ਜਾਂ ਵਰਤਣ ਲਈ ਇੰਜੀਨੀਅਰਿੰਗ ਨਿਯੰਤਰਣ।
2. ਸੁਰੱਖਿਆ ਡੇਟਾ ਸ਼ੀਟਾਂ ਫਸਟ ਏਡ, ਸੰਭਾਵੀ ਲੱਛਣਾਂ, ਅਤੇ ਐਮਰਜੈਂਸੀ ਮੈਡੀਕਲ ਉਪਕਰਨ ਬਾਰੇ ਜਾਣਕਾਰੀ ਮੁਹੱਈਆ ਕਰਦੀਆਂ ਹਨ।
3. ਗਰਮੀ ਦੇ ਦਬਾਅ ਅਤੇ ਕੀਟਨਾਸ਼ਕਾਂ ਦੇ ਪ੍ਰਭਾਵ, ਦੋਵਾਂ ਦੇ ਚਿੰਨ੍ਹ ਅਤੇ ਲੱਛਣਾਂ ਨੂੰ ਜਾਣੋ। ਦੋਵਾਂ ਲਈ ਫਸਟ ਏਡ ਸਬੰਧੀ ਇਲਾਜ ਅਤੇ ਤੁਹਾਡੇ ਮਾਲਕ ਦੀਆਂ ਜਵਾਬ ਪ੍ਰਕਿਰਿਆਵਾਂ ਬਾਰੇ ਜਾਣੋ, ਐਮਰਜੈਂਸੀ ਮੈਡੀਕਲ ਸੁਵਿਧਾ

**ਬੇਦਾਵਾ: ਇਹ ਲੀਫ਼ਲੈਟ (ਪਰਚਾ) ਐਮਰਜੈਂਸੀ ਮੈਡੀਕਲ ਦੇਖਭਾਲ ਜਾਂ ਮੈਡੀਕਲ ਪੇਸ਼ਾਵਰ ਦੀ ਸਲਾਹ ਦੀ ਥਾਂ 'ਤੇ ਨਹੀਂ ਹੈ। ਇੱਕ ਸਿੱਖਿਅਤ ਫਸਟ ਏਡ ਪ੍ਰਦਾਤਾ ਕਿਸੇ ਸੱਟ ਜਾਂ ਬੀਮਾਰੀ ਨੂੰ ਬਦਤਰ ਹੋਣ ਤੋਂ ਰੋਕ ਸਕਦਾ ਹੈ, ਪਰ ਉਹ ਤੁਹਾਨੂੰ ਜਾਂ ਕਿਸੇ ਬੀਮਾਰ ਵਿਅਕਤੀ ਨੂੰ ਐਮਰਜੈਂਸੀ ਮੈਡੀਕਲ ਦੇਖਭਾਲ ਲਈ ਲਿਜਾਣ ਦੀਆਂ ਤੁਹਾਡੇ ਮਾਲਕ ਦੀਆਂ ਜ਼ਿੰਮੇਵਾਰੀਆਂ ਦੀ ਥਾਂ 'ਤੇ ਨਹੀਂ ਹੈ।**

(ਫੈਸਿਲਿਟੀ) ਦੇ ਨਾਂ ਅਤੇ ਸਥਾਨ ਸਮੇਤ।

4. ਯਕੀਨੀ ਬਣਾਓ ਕਿ ਤੁਸੀਂ ਜਾਣਦੇ ਹੋ ਕਿ ਤੁਹਾਡਾ ਕੀਟਾਣੂ ਰਹਿਤ ਕਰਨ ਵਾਲਾ ਸਮਾਨ ਅਤੇ ਕੀਟਨਾਸ਼ਕ ਫਸਟ ਏਡ ਦੀ ਕਿੱਟ ਕਿੱਥੇ ਹਨ।
    a. ਜੇ ਤੁਸੀਂ ਕੀਟਨਾਸ਼ਕ ਇਸਤੇਮਾਲ ਕਰਦੇ ਹੋ ਜਾਂ ਜਲਦੀ ਪ੍ਰਵੇਸ਼ ਵਾਲਾ ਕੰਮ ਕਰਦੇ ਹੋ, ਜਿਸ ਲਈ ਅੱਖਾਂ ਦੀਆਂ ਸੁਰੱਖਿਆ ਵਾਲੀਆਂ ਚੀਜ਼ਾਂ ਪਹਿਨਣ ਦੀ ਲੋੜ ਹੈ, ਤਾਂ ਤੁਹਾਡੇ ਲਈ ਐਮਰਜੈਂਸੀ ਵਿੱਚ ਅੱਖਾਂ ਨੂੰ ਧੋਣ ਲਈ ਆਈਵਾਸ਼ (ਅੱਖਾਂ ਨੂੰ ਧੋਣ ਵਾਲੀ ਸਮੱਗਰੀ) ਦਾ ਇੱਕ ਪਿੰਟ ਨਾਲ ਰੱਖਣਾ ਜ਼ਰੂਰੀ ਹੈ।
    b. ਜੇ ਤੁਸੀਂ ਬੰਦ ਮਿਸ਼ਰਣ ਪ੍ਰਣਾਲੀ ਦਾ ਇਸਤੇਮਾਲ ਕਰਦੇ ਹੋ ਜਾਂ ਅਜਿਹੇ ਕੀਟਨਾਸ਼ਕ ਦਾ ਇਸਤੇਮਾਲ ਕਰਦੇ ਹੋ, ਜਿਸ ਲਈ ਅੱਖਾਂ ਦੀ ਸੁਰੱਖਿਆ ਦੀਆਂ ਚੀਜ਼ਾਂ ਪਹਿਨਣ ਦੀ ਲੋੜ ਹੈ, ਤਾਂ ਰਲਾਉਣ ਅਤੇ ਲੱਦਣ ਵਾਲੀ ਸਾਈਟ ਤੇ ਅੱਖਾਂ ਨੂੰ ਧੋਣ ਵਾਲੀ ਪ੍ਰਣਾਲੀ ਹੋਣੀ ਜ਼ਰੂਰੀ ਹੈ।
5. ਹਮੇਸ਼ਾ ਜਾਣੋ ਕਿ ਤੁਸੀਂ ਕਿੱਥੇ ਹੋ। ਤੁਹਾਨੂੰ ਐਮਰਜੈਂਸੀ ਦੇ ਕਰਮਚਾਰੀ ਨੂੰ ਆਪਣਾ ਸਥਾਨ ਦੱਸਣ ਦੀ ਲੋੜ ਪੈ ਸਕਦੀ ਹੈ।
6. ਜਾਣੋ ਕਿ ਐਮਰਜੈਂਸੀ ਦੀਆਂ ਸਥਿਤੀਆਂ ਨਾਲ ਕਿਵੇਂ ਨਿਪਟਿਆ ਜਾਵੇ। ਅਜਿਹਾ ਕਰਨ ਦਾ ਇੱਕ ਤਰੀਕਾ ਫਸਟ ਏਡ ਜਾਂ CPR (cardiopulmonary resuscitation) ਕੋਰਸ ਵਿੱਚ ਨਾਮਾਂਕਨ ਕਰਨਾ ਹੈ।




## ਐਮਰਜੈਂਸੀ ਵਿੱਚ ਮੈਨੂੰ ਕੀ ਕਰਨਾ ਚਾਹੀਦਾ ਹੈ?

- ਦੂਜਿਆਂ ਦੀ ਮਦਦ ਕਰਨ ਤੋਂ ਪਹਿਲਾਂ ਹਮੇਸ਼ਾ ਖੁਦ ਨੂੰ ਸੁਰੱਖਿਅਤ ਕਰੋ।
- ਜੇ ਤੁਹਾਨੂੰ ਲੱਗਦਾ ਹੈ ਕਿ ਕੀਟਨਾਸ਼ਕਾਂ ਤੋਂ ਤੁਹਾਡੇ ਅੰਦਰ ਜ਼ਹਿਰ ਚਲਾ ਗਿਆ ਹੈ, ਸੱਟ ਲੱਗੀ ਹੈ ਜਾਂ ਬੀਮਾਰ ਹੋ ਗਏ ਹੋ, ਤਾਂ ਤੁਹਾਨੂੰ ਤੁਰੰਤ ਕੰਮ ਬੰਦ ਕਰਕੇ ਉਸ ਖੇਤਰ ਤੋਂ ਚਲੇ ਜਾਣਾ ਚਾਹੀਦਾ ਹੈ, ਫਿਰ ਜਿੰਨੀ ਜਲਦੀ ਹੋ ਸਕੇ, ਡਾਕਟਰੀ ਦੇਖਭਾਲ ਪ੍ਰਾਪਤ ਕਰਨੀ ਚਾਹੀਦੀ ਹੈ।
- ਜੇ ਤੁਹਾਨੂੰ ਲੱਗਦਾ ਹੈ ਕਿ ਕੋਈ ਹੋਰ ਬੀਮਾਰ ਹੈ, ਤਾਂ ਉਸ ਵਿਅਕਤੀ ਨੂੰ ਕੀਟਨਾਸ਼ਕਾਂ ਤੋਂ ਦੂਰ ਲੈ ਜਾਓ, ਜੇ ਤੁਸੀਂ ਖੁਦ ਨੂੰ ਨੁਕਸਾਨ ਪਹੁੰਚਾਏ ਬਿਨਾਂ ਅਜਿਹਾ ਕਰ ਸਕਦੇ ਹੋ। ਯਾਦ ਰੱਖੋ ਬੀਮਾਰ ਵਿਅਕਤੀ ਦੇ ਸਰੀਰ 'ਤੇ ਕੀਟਨਾਸ਼ਕ ਲੱਗੇ ਹੋ ਸਕਦੇ ਹਨ ਜਾਂ ਉਹ ਅਜਿਹੇ ਖੇਤਰ ਵਿੱਚ ਕੰਮ ਕਰ ਰਿਹਾ ਹੋ ਸਕਦਾ ਹੈ, ਜਿੱਥੇ ਤੁਹਾਡੇ 'ਤੇ ਕੀਟਨਾਸ਼ਕ ਲੱਗ ਸਕਦੇ ਹਨ।
- **ਤੁਰੰਤ** ਮਦਦ ਪ੍ਰਾਪਤ ਕਰੋ। ਆਪਣੇ ਸੁਪਰਵਾਈਜਰ ਨੂੰ ਦੱਸੋ। ਜੇਕਰ ਤੁਹਾਡੇ ਕੋਲ ਫ਼ੋਨ ਹੈ, ਤਾਂ 911 'ਤੇ ਕਾਲ ਕਰੋ। 911 ਡਿਸਪੈਚਰ ਨੂੰ ਸਥਾਨ ਅਤੇ ਐਮਰਜੈਂਸੀ ਦਾ ਪ੍ਰਕਾਰ ਦੱਸੋ, ਅਤੇ ਇਹ ਵੀ ਦੱਸੋ ਕਿ ਕਿਹੜਾ(ੜੇ) ਕੀਟਨਾਸ਼ਕ ਸ਼ਾਮਲ ਹੈ(ਹਨ)। ਡਿਸਪੈਚਰ ਦੀਆਂ ਹਿਦਾਇਤਾਂ ਦੀ ਪਾਲਣਾ ਕਰੋ।
- ਕੀਟਨਾਸ਼ਕਾਂ ਨੂੰ ਬੀਮਾਰ ਵਿਅਕਤੀ ਦੇ ਸਰੀਰ ਵਿੱਚ ਜਾਣ ਜਾਂ ਉਸਦੇ ਉੱਤੇ ਪੈਣ ਤੋਂ ਰੋਕਣ ਦੀ ਕੋਸ਼ਿਸ਼ ਕਰੋ। ਹੇਠਾਂ ਤੁਸੀਂ ਜਾਣ ਸਕਦੇ ਹੋ ਕਿ ਫਸਟ ਏਡ ਦੀਆਂ ਪ੍ਰਕਿਰਿਆਵਾਂ ਕਿਵੇਂ ਹੁੰਦੀਆਂ ਹਨ।
- ਜੇ ਤੁਸੀਂ ਬੀਮਾਰ ਹੋ, **ਤਾਂ ਖੁਦ ਡ੍ਰਾਈਵ ਨਾ ਕਰੋ।** ਕਿਸੇ ਹੋਰ ਬੀਮਾਰ ਵਿਅਕਤੀ ਨੂੰ ਵੀ ਡ੍ਰਾਈਵ ਨਾ ਕਰਨ ਦਿਓ। ਤੁਹਾਡੇ ਮਾਲਕ ਲਈ ਤੁਹਾਨੂੰ ਤੁਰੰਤ ਡਾਕਟਰ ਕੋਲ ਲਿਜਾਣਾ ਜ਼ਰੂਰੀ ਹੈ।

**ਯਾਦ ਰੱਖੋ: ਇਹ ਸਮੱਸਿਆ ਕੀਟਨਾਸ਼ਕਾਂ ਕਾਰਨ ਹੋਈ ਨਹੀਂ ਵੀ ਹੋ ਸਕਦੀ। ਇਹ ਕੁਝ ਹੋਰ ਹੋ ਸਕਦਾ ਹੈ, ਜਿਵੇਂ ਦਿਲ ਦਾ ਦੌਰਾ ਜਾਂ ਦਿਲ ਦੀ ਬੀਮਾਰੀ।**

## ਕੀਟਨਾਸ਼ਕ ਮੇਰੇ ਸਰੀਰ ਦੇ ਅੰਦਰ ਕਿਵੇਂ ਜਾ ਸਕਦੇ ਹਨ?

ਚਾਰ ਮੁੱਖ ਤਰੀਕੇ ਹਨ:

1. ਸਾਹ ਰਾਹੀਂ ਉਨ੍ਹਾਂ ਦਾ ਅੰਦਰ ਜਾਣਾ
2. ਉਨ੍ਹਾਂ ਦਾ ਤੁਹਾਡੀ ਚਮੜੀ ਤੇ ਲੱਗਣਾ
3. ਉਨ੍ਹਾਂ ਦਾ ਤੁਹਾਡੀਆਂ ਅੱਖਾਂ ਵਿੱਚ ਜਾਣਾ
4. ਉਨ੍ਹਾਂ ਨੂੰ ਨਿਗਲਣਾ




## ਫਸਟ ਏਡ ਅਤੇ ਐਮਰਜੈਂਸੀ ਕੀਟਾਣੂ ਰਹਿਤ ਕਰਨ ਦੀਆਂ ਪ੍ਰਕਿਰਿਆਵਾਂ

### ਕੀਟਨਾਸ਼ਕਾਂ ਦਾ ਸਾਹ ਰਾਹੀਂ ਅੰਦਰ ਜਾਣਾ

ਤੁਹਾਡੇ ਮੂੰਹ ਜਾਂ ਨੱਕ ਰਾਹੀਂ ਕੀਟਨਾਸ਼ਕ ਤੁਹਾਡੇ ਸਾਹ ਅੰਦਰ ਜਾ ਸਕਦੇ ਹਨ। ਇਹ ਇਸਤੇਮਾਲ ਦੇ ਸਮੇਂ ਵਾਸ਼ਪ ਜਾਂ ਮਿੱਟੀ ਵਿੱਚ ਸਾਹ ਨਾਲ, ਜਾਂ ਇਲਾਜ ਕੀਤੇ ਖੇਤਰਾਂ ਵਿੱਚ ਦਾਖ਼ਲ ਹੋਣ 'ਤੇ ਹੋ ਸਕਦਾ ਹੈ, ਕੀਟਨਾਸ਼ਕ ਦੇ ਉੱਡਣ ਸਮੇਤ।

**ਕੀਟਨਾਸ਼ਕਾਂ ਨੂੰ ਸਾਹ ਰਾਹੀਂ ਅੰਦਰ ਲੈਣ 'ਤੇ ਫਸਟ ਏਡ:**

- ਬਾਹਰ, ਖੁਦ ਜਾਂ ਪ੍ਰਭਾਵਿਤ ਵਿਅਕਤੀ ਨੂੰ ਕਿਸੇ ਅਜਿਹੀ ਥਾਂ ਲੈ ਕੇ ਜਾਓ, ਜਿੱਥੇ ਹਵਾ ਸਾਫ਼ ਹੋਵੇ ਅਤੇ ਕੀਟਨਾਸ਼ਕ ਦੇ ਇਸਤੇਮਾਲ ਵਾਲੀ ਥਾਂ ਤੋਂ ਦੂਰ ਹੋਵੇ। ਖੁੱਲ੍ਹੇ ਖੇਤਰਾਂ ਵਿੱਚ, ਘੱਟੋ-ਘੱਟ 100 ਫੁੱਟ (ਲਗਭਗ 30 ਮੀਟਰ) ਦੂਰ ਜਾਓ। ਜੇ ਹਵਾ ਚੱਲ ਰਹੀ ਹੋਵੇ, ਤਾਂ ਯਕੀਨੀ ਬਣਾਓ ਕਿ ਹਵਾ ਦਾ ਵਹਾਅ ਕੀਟਨਾਸ਼ਕ ਨੂੰ ਤੁਹਾਡੇ ਤੋਂ ਦੂਰ ਲਿਜਾ ਰਿਹਾ ਹੈ।
- ਜੇਕਰ ਪ੍ਰਭਾਵਿਤ ਵਿਅਕਤੀ ਕਿਸੇ ਬੰਦ ਜਗ੍ਹਾ ਵਿੱਚ ਹੈ, ਜਿਵੇਂ ਕਿ ਗ੍ਰੀਨਹਾਊਸ, ਮਸ਼ਰੂਮ ਹਾਊਸ ਜਾਂ ਤਰਪਾਲ ਨਾਲ ਢੱਕੀ ਕੋਈ ਵਸਤੂ, ਤਾਂ ਅੰਦਰ ਨਾ ਜਾਓ ਜਦੋਂ ਤੱਕ ਤੁਸੀਂ ਸਹੀ ਰੈਸਪੀਰੇਟਰ ਨਹੀਂ ਪਹਿਨਿਆ ਹੋਇਆ।
- ਜਦੋਂ ਉਸ ਖੇਤਰ ਤੋਂ ਬਾਹਰ ਆ ਜਾਓ, ਤਾਂ ਕਿਸੇ ਵੀ ਉਨ੍ਹਾਂ ਕੱਪੜਿਆਂ ਨੂੰ ਢਿੱਲਾ ਕਰੋ, ਜੋ ਸਾਹ ਲੈਣ ਵਿੱਚ ਮੁਸ਼ਕਲ ਪੈਦਾ ਕਰ ਸਕਦੇ ਹਨ।
- ਜੇ ਪ੍ਰਭਾਵਿਤ ਵਿਅਕਤੀ ਸਾਹ ਨਹੀਂ ਲੈ ਰਿਹਾ ਹੈ, ਤਾਂ ਉਸਨੂੰ CPR ਦਿਓ, ਜੇਕਰ ਤੁਸੀਂ ਜਾਣਦੇ ਹੋ ਕਿ ਕਿਵੇਂ ਦੇਣਾ ਹੈ। ਐਮਰਜੈਂਸੀ ਦੇ ਪ੍ਰਤੀਕਿਰਿਆ ਕਰਨ ਵਾਲੇ ਪਹੁੰਚਣ 'ਤੇ ਆਪਣੇ ਆਪ ਸਥਿਤੀ ਸੰਭਾਲ ਲੈਣਗੇ।
- ਆਪਣੇ ਸੁਪਰਵਾਈਜ਼ਰ ਨੂੰ ਸੂਚਿਤ ਕਰੋ ਅਤੇ ਤੁਰੰਤ ਮੈਡੀਕਲ ਇਲਾਜ ਪ੍ਰਾਪਤ ਕਰੋ।

### ਤੁਹਾਡੀ ਚਮੜੀ ਉੱਤੇ ਕੀਟਨਾਸ਼ਕ

ਜ਼ਿਆਦਾਤਰ, ਤੁਹਾਡੇ ਸਰੀਰ ਵਿੱਚ ਕੀਟਨਾਸ਼ਕ ਤੁਹਾਡੀ ਚਮੜੀ ਰਾਹੀਂ ਜਾਂਦੇ ਹਨ। ਜਦੋਂ ਤੁਸੀਂ ਇਲਾਜ ਕੀਤੇ ਪੌਦਿਆਂ, ਮਿੱਟੀ, ਸਿੰਜਾਈ ਵਾਲੇ ਪਾਣੀ, ਕੀਟਨਾਸ਼ਕ ਇਸਤੇਮਾਲ ਉਪਕਰਨ, ਅਤੇ ਕੰਮ ਦੇ ਗੰਦੇ ਕੱਪੜਿਆਂ ਨੂੰ ਛੂੰਹਦੇ ਹੋ ਤਾਂ ਕੀਟਨਾਸ਼ਕ ਤੁਹਾਡੀ ਚਮੜੀ 'ਤੇ ਲੱਗ ਸਕਦੇ ਹਨ। ਜੇ ਤੁਸੀਂ ਬਿਨਾਂ ਧੋਤੇ ਹੱਥਾਂ ਨਾਲ ਆਪਣਾ ਫ਼ੋਨ ਜਾਂ ਪਖਾਨਾ ਵਰਤਦੇ ਹੋ, ਤਾਂ ਵੀ ਕੀਟਨਾਸ਼ਕ ਤੁਹਾਡੀ ਚਮੜੀ 'ਤੇ ਲੱਗ ਸਕਦੇ ਹਨ। ਕੁਝ ਕੀਟਨਾਸ਼ਕ ਤੁਹਾਡੀ ਚਮੜੀ ਰਾਹੀਂ ਬਹੁਤ ਤੇਜ਼ੀ ਨਾਲ ਜਾਂਦੇ ਹਨ। ਹੋਰ ਹੌਲੀ-ਹੌਲੀ ਜਾਂਦੇ ਹਨ। ਕਈ ਕੀਟਨਾਸ਼ਕ ਤੁਹਾਡੇ ਕੱਪੜਿਆਂ ਰਾਹੀਂ ਅੰਦਰ ਜਾ ਸਕਦੇ ਹਨ, ਭਾਵੇਂ ਉਹ ਵਾਟਰਪ੍ਰੂਫ ਹੋਣ। ਇਸਲਈ ਤੁਹਾਡੀ ਚਮੜੀ ਜਾਂ ਕੱਪੜਿਆਂ ਉੱਤੇ ਲੱਗੇ ਕਿਸੇ ਵੀ ਕੀਟਨਾਸ਼ਕ ਨੂੰ ਹਟਾਉਣਾ ਜ਼ਰੂਰੀ ਹੈ।



### ਤੁਹਾਡੀ ਚਮੜੀ ਉੱਤੇ ਪਏ ਕੀਟਨਾਸ਼ਕਾਂ ਲਈ ਫਸਟ ਏਡ:

ਜਿੰਨੀ ਜਲਦੀ ਤੁਸੀਂ ਕੀਟਨਾਸ਼ਕ ਨੂੰ ਧੋਵੋਗੇ, ਓਨੀ ਜਲਦੀ ਹੀ ਪ੍ਰਭਾਵ ਖ਼ਤਮ ਹੋਵੇਗਾ।

- ਉਹ ਕੱਪੜੇ ਉਤਾਰ ਦਿਓ, ਜਿਹਨਾਂ ਉੱਤੇ ਕੀਟਨਾਸ਼ਕ ਲੱਗਿਆ ਹੋਇਆ ਹੈ। ਦੂਸ਼ਤ ਕੱਪੜਿਆਂ ਜਾਂ PPE ਨੂੰ ਤੁਹਾਡੀ ਚਮੜੀ ਦੇ ਸੰਪਰਕ ਵਿੱਚ ਆਉਣ ਤੋਂ ਬਚਾਉਣ ਦੀ ਕੋਸ਼ਿਸ਼ ਕਰੋ।
- ਇਨ੍ਹਾਂ ਨੂੰ ਧੋਣ ਲਈ ਤੁਰੰਤ ਕੀਟਾਣੂ ਰਹਿਤ ਕਰਨ ਵਾਲੇ ਸਾਮਾਨ ਨੂੰ ਵਰਤੋ। ਤੁਸੀਂ ਕੀਟਨਾਸ਼ਕ ਨੂੰ ਧੋਣ ਲਈ ਕਿਸੇ ਨੇੜਲੇ ਪਾਣੀ ਵਾਲੇ ਸਥਾਨ ਦੀ ਵਰਤੋਂ ਵੀ ਕਰ ਸਕਦੇ ਹੋ ਅਤੇ ਬਾਅਦ ਵਿੱਚ ਕੀਟਾਣੂ ਰਹਿਤ ਕਰਨ ਵਾਲੇ ਸਾਮਾਨ ਅਤੇ ਸਾਬੁਣ ਨਾਲ ਸਾਫ਼ ਕਰ ਸਕਦੇ ਹੋ।
- ਜਿੰਨੀ ਜਲਦੀ ਹੋ ਸਕੇ, ਆਪਣੇ ਵਾਲਾਂ ਅਤੇ ਚਮੜੀ ਨੂੰ ਸਾਫ਼ ਕਰਨ ਲਈ ਸਾਬਣ ਅਤੇ ਸ਼ੈਂਪੂ ਨਾਲ ਧੋਵੋ ਜਾਂ ਇਸ਼ਨਾਨ ਕਰੋ।
- ਜੇ ਤੁਹਾਨੂੰ ਰਸਾਇਣ ਨਾਲ ਸਾੜ (ਬਰਨਸ) ਹੋ ਗਏ ਹਨ, ਤਾਂ ਫਸਟ ਏਡ ਇਲਾਜ ਵਿੱਚ, ਮਲ੍ਹਮ, ਲੋਸ਼ਨ, ਪਾਊਡਰ, ਅਤੇ ਹੋਰ ਦਵਾਈਆਂ ਵਰਤਣ ਤੋਂ ਬਚੋ।
- ਸਿਰਫ਼ ਸਾਫ਼ ਕੱਪੜੇ ਹੀ ਪਾਓ।
- ਆਪਣੇ ਸੁਪਰਵਾਈਜਰ ਨੂੰ ਸੂਚਿਤ ਕਰੋ ਅਤੇ ਤੁਰੰਤ ਮੈਡੀਕਲ ਇਲਾਜ ਪ੍ਰਾਪਤ ਕਰੋ।

## ਤੁਹਾਡੀਆਂ ਅੱਖਾਂ ਵਿੱਚ ਕੀਟਨਾਸ਼ਕ

ਕੀਟਨਾਸ਼ਕ ਤੁਹਾਡੀਆਂ ਅੱਖਾਂ ਵਿੱਚ ਕੀਟਨਾਸ਼ਕਾਂ ਦੇ ਉੱਡਣ ਨਾਲ ਜਾ ਸਕਦੇ ਹਨ, ਜਾਂ ਜੇ ਤੁਸੀਂ ਆਪਣੇ ਦਸਤਾਨਿਆਂ ਜਾਂ ਬਿਨਾਂ ਧੋਤੇ ਹੱਥਾਂ ਨਾਲ ਆਪਣੀਆਂ ਅੱਖਾਂ ਮਲਦੇ ਹੋ।

### ਤੁਹਾਡੀ ਅੱਖਾਂ ਵਿੱਚ ਕੀਟਨਾਸ਼ਕਾਂ ਲਈ ਫਸਟ ਏਡ:

ਤੁਹਾਡੀ ਹੈਂਡਲਰ ਟ੍ਰੇਨਿੰਗ ਦੇ ਹਿੱਸੇ ਵਜੋਂ, ਤੁਸੀਂ ਐਮਰਜੈਂਸੀ ਵਿੱਚ ਅੱਖਾਂ ਧੋਣ ਦੀਆਂ ਤਕਨੀਕਾਂ ਸਿੱਖੋਗੇ। ਕੁਝ ਉਪਯੋਗੀ ਸੁਝਾਅ ਹਨ:

- ਅੱਖਾਂ ਨੂੰ ਕਾਫ਼ੀ ਸਾਫ਼ ਪਾਣੀ ਨਾਲ ਧੋਵੋ। ਸ਼ਾਵਰ ਨਾਲ ਧੋਣਾ ਠੀਕ ਹੈ, ਪਰ ਤੇਜ਼ ਧਾਰ (ਹਾਰਡ ਸਪਰੇਅ) ਦੀ ਵਰਤੋਂ ਨਾ ਕਰੋ। ਨਹੀਂ ਤਾਂ, ਆਪਣੀਆਂ ਅੱਖਾਂ ਉੱਤੇ ਪਾਣੀ ਪਾਓ ਜਾਂ ਟੂਟੀ ਜਾਂ ਹੋਜ਼ ਤੋਂ ਹੌਲੀ ਧਾਰ ਦੀ ਵਰਤੋਂ ਕਰੋ। ਹੋ ਸਕਦਾ ਹੈ ਕਿ ਹੋਜ਼ ਦਾ ਪਾਣੀ ਸੂਰਜ ਦੀ ਰੌਸ਼ਨੀ ਕਾਰਨ ਗਰਮ ਹੋਵੇ ਜਾਂ ਹੋਜ਼ ਦੇ ਸਿਰੇ 'ਤੇ ਮਿੱਟੀ/ਚਿੱਕੜ ਲੱਗਾ ਹੋਵੇ। ਅੱਖਾਂ ਧੋਣ ਤੋਂ ਪਹਿਲਾਂ ਯਕੀਨੀ ਬਣਾਓ ਕਿ ਹੋਜ਼ ਦਾ ਪਾਣੀ ਠੰਡਾ ਹੋਵੇ ਅਤੇ ਹੋਜ਼ ਦਾ ਸਿਰਾ ਸਾਫ਼ ਹੋਵੇ।
- ਘੱਟੋ ਘੱਟ 15 ਮਿੰਟ ਤੱਕ ਧੋਂਦੇ ਰਹੋ।
- ਸੱਟ ਵਾਲੀ ਅੱਖ ਨੂੰ ਬਿਨਾਂ ਸੱਟ ਵਾਲੀ ਅੱਖ ਤੋਂ ਥੋੜ੍ਹਾ ਥੱਲੇ ਵੱਲ ਰੱਖੋ। ਜਿਸ ਅੱਖ ਵਿੱਚ ਕੀਟਨਾਸ਼ਕ ਗਿਆ ਹੈ, ਉਸਨੂੰ ਦੂਜੀ ਅੱਖ ਖੁੱਲ੍ਹੀ ਰੱਖ ਕੇ ਪਾਣੀ ਨਾਲ ਨਾ ਧੋਵੋ।
- ਜੇ ਅੱਖਾਂ ਵਿੱਚ ਕਾਂਟੈਕਟ ਲੈਂਸ ਲੱਗੇ ਹੋਏ ਹਨ, ਤਾਂ ਤੁਰੰਤ ਲੈਂਸ 'ਤੇ ਛਿੱਟੇ ਮਾਰਨਾ ਸ਼ੁਰੂ ਕਰੋ। ਉਸ ਦੇ ਬਾਅਦ, ਜੇ ਸੰਭਵ ਹੋਵੇ, ਤਾਂ ਲੈਂਸ ਉਤਾਰ ਦਿਓ। ਲੈਂਸ ਨਾਲ ਅੱਖ ਵਿੱਚ ਹੇਠਾਂ ਰਸਾਇਣ ਰਹਿ ਸਕਦਾ ਹੈ।
- ਅੱਖਾਂ ਨੂੰ ਧੋਂਦੇ ਸਮੇਂ ਇਨ੍ਹਾਂ ਨੂੰ ਝਪਕਾਓ।
- ਕਿਸੇ ਦੀਆਂ ਅੱਖਾਂ ਨੂੰ ਜਬਰਦਸਤੀ ਨਾ ਖੋਲ੍ਹੋ।
- ਧੋਣ ਵਾਲੇ ਪਾਣੀ ਵਿੱਚ ਕੋਈ ਦਵਾਈ ਜਾਂ ਕੋਈ ਹੋਰ ਪਦਾਰਥ ਨਾ ਪਾਓ। ਧੋਣ ਤੋਂ ਬਾਅਦ ਕੋਈ ਦਵਾਈ ਜਾਂ ਲੋਸ਼ਨ ਨਾ ਵਰਤੋ। ਅੱਖਾਂ 'ਤੇ ਪੱਟੀ ਨਾ ਬੰਨ੍ਹੋ
- ਆਪਣੇ ਸੁਪਰਵਾਈਜਰ ਨੂੰ ਸੂਚਿਤ ਕਰੋ ਅਤੇ ਤੁਰੰਤ ਮੈਡੀਕਲ ਇਲਾਜ ਪ੍ਰਾਪਤ ਕਰੋ।



## ਕੀਟਨਾਸ਼ਕਾਂ ਨੂੰ ਖਾਣਾ ਜਾਂ ਨਿਗਲਣਾ

- ਜੇ ਤੁਸੀਂ ਪਹਿਲਾਂ ਆਪਣੇ ਹੱਥ ਧੋਤੇ ਬਿਨਾਂ ਕੁਝ ਪੀਂਦੇ, ਤੰਮਾਕੂਨੋਸ਼ੀ ਕਰਦੇ ਜਾਂ ਖਾਂਦੇ ਹੋ ਤਾਂ ਕੀਟਨਾਸ਼ਕ ਤੁਹਾਡੇ ਤੋਂ ਹੱਥਾਂ ਤੋਂ ਤੁਹਾਡੇ ਮੂੰਹ ਵਿੱਚ ਜਾ ਸਕਦੇ ਹਨ।
- ਕੀਟਨਾਸ਼ਕ ਇਸਤੇਮਾਲ ਕੀਤੇ ਪੌਦਿਆਂ 'ਤੇ ਲੱਗੇ ਕੀਟਨਾਸ਼ਕ ਰਹਿੰਦ-ਖੂੰਹਦ ਇਲਾਜ ਕੀਤੇ ਖੇਤਰ ਵਿੱਚ ਲਿਆਂਦੇ ਭੋਜਨ, ਪੀਣ ਵਾਲੇ ਪਦਾਰਥ, ਜਾਂ ਸਿਗਰੇਟ ਵਿੱਚ ਜਾ ਸਕਦੀ ਹੈ।
- ਕੀਟਨਾਸ਼ਕਾਂ ਨੂੰ ਸਾਂਭਣ ਲਈ ਵਰਤੇ ਗਏ ਕੰਟੇਨਰ ਵਿੱਚੋਂ ਕੁਝ ਵੀ ਖਾਓ ਜਾਂ ਪੀਓ ਨਾ, ਭਾਵੇਂ ਇਸਨੂੰ ਧੋਤਾ ਗਿਆ ਹੋਵੇ।
- ਸਿੰਜਾਈ ਵਾਲਾ ਪਾਣੀ ਨਾ ਪੀਓ।
- ਆਮ ਤੌਰ 'ਤੇ ਭੋਜਨ ਜਾਂ ਪੀਣ ਵਾਲੇ ਪਦਾਰਥਾਂ ਲਈ ਵਰਤੇ ਜਾਣ ਵਾਲੇ ਕੰਟੇਨਰਾਂ ਵਿੱਚ ਕੀਟਨਾਸ਼ਕ ਨਾ ਸਾਂਭੋ। ਇਸ ਦੇ ਨਤੀਜੇ ਵਜੋਂ ਲੋਕ ਅਕਸਰ ਗਲਤੀ ਨਾਲ ਕੀਟਨਾਸ਼ਕ ਪੀ ਜਾਂ ਖਾ ਲੈਂਦੇ ਹਨ। ਇਹ ਉਨ੍ਹਾਂ ਦੇ ਬੀਮਾਰ ਹੋਣ ਜਾਂ ਮੌਤ ਦਾ ਕਾਰਨ ਬਣ ਸਕਦਾ ਹੈ। ਕੀਟਨਾਸ਼ਕਾਂ ਨੂੰ ਭੋਜਨ ਜਾਂ ਪੀਣ ਵਾਲੇ ਪਦਾਰਥਾਂ ਦੇ ਕੰਟੇਨਰਾਂ ਵਿੱਚ ਸਾਂਭਣਾ ਗ਼ੈਰਕਾਨੂੰਨੀ ਹੈ।

### ਜੇ ਕੋਈ ਕੀਟਨਾਸ਼ਕ ਨਿਗਲ ਲਵੇ ਤਾਂ ਫਸਟ ਏਡ

- **ਤੁਰੰਤ** ਮਦਦ ਪ੍ਰਾਪਤ ਕਰੋ। ਜੇਕਰ ਤੁਹਾਡੇ ਕੋਲ ਫ਼ੋਨ ਹੈ, ਤਾਂ 911 'ਤੇ ਜਾਂ ਕੈਲੀਫ਼ੋਰਨੀਆ ਦੇ ਜ਼ਹਿਰ ਤੇ ਕੰਟਰੋਲ ਕਰਨ ਵਾਲੇ ਸੈਂਟਰ (California Poison Control Center) ਦੇ ਮੁਫ਼ਤ ਫ਼ੋਨ ਨੰਬਰ 1-800-222-1222 'ਤੇ ਫ਼ੋਨ ਕਰੋ।
- ਜੇ ਜ਼ਹਿਰ ਦੇ ਅਸਰ ਹੇਠ ਵਿਅਕਤੀ ਗੁੰਮ ਸੁੰਮ ਜਾਂ ਬੇਹੋਸ਼ ਹੈ ਅਤੇ ਤੁਹਾਡੇ ਕੋਲ ਫ਼ੋਨ ਨਹੀਂ ਹੈ, ਤਾਂ ਉਸਨੂੰ ਤੁਰੰਤ ਡਾਕਟਰ ਕੋਲ ਜਾਂ ਹਸਪਤਾਲ ਲੈ ਜਾਓ। ਉਸਨੂੰ ਕੁਝ ਵੀ ਖਾਣ ਜਾਂ ਪੀਣ ਲਈ ਨਾ ਦਿਓ। ਉਸਨੂੰ ਉਲਟੀ ਕਰਵਾਉਣ ਦੀ ਕੋਸ਼ਿਸ਼ ਨਾ ਕਰੋ।
- ਜੇ ਵਿਅਕਤੀ ਜਾਗਦਾ ਅਤੇ ਹੋਸ਼ ਵਿੱਚ ਹੈ, ਤਾਂ ਲੇਬਲ ਤੇ ਲਿਖੀਆਂ ਫਸਟ ਏਡ ਸਬੰਧੀ ਹਿਦਾਇਤਾਂ ਦੀ ਪਾਲਣਾ ਕਰੋ। ਇਹ ਹਿਦਾਇਤਾਂ ਤੁਹਾਨੂੰ ਦੱਸਣਗੀਆਂ ਕਿ ਕਿਹੜੀ ਚੀਜ਼ ਸਹਾਇਕ ਜਾਂ ਖਤਰਨਾਕ ਹੋਏਗੀ।
- ਜਿੰਨੀ ਜਲਦੀ ਹੋ ਸਕੇ, ਆਪਣੇ ਸੁਪਰਵਾਈਜ਼ਰ ਨੂੰ ਸੂਚਿਤ ਕਰੋ ਅਤੇ ਤੁਰੰਤ ਮੈਡੀਕਲ ਇਲਾਜ ਪ੍ਰਾਪਤ ਕਰੋ।






ਜੇ ਤੁਹਾਨੂੰ ਆਪਣੀ ਟ੍ਰੇਨਿੰ ਗ ਵਿੱਚ ਲੋੜੀਂਦੀ ਸਾਰੀ ਜਾਣਕਾਰੀ ਨਹੀਂ ਮਿਲਦੀ ਜਾਂ ਤੁਸੀਂ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਬਾਰੇ ਸ਼ਿਕਾਇਤ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਹੋਰ ਜਾਣਕਾਰੀ ਲਈ ਆਪਣੇ ਕਾਉਂਟੀ ਦੇ ਐਗਰੀਕਲਚਰ ਕਮਿਸ਼ਨਰ ਜਾਂ ਡੀਪੀਆਰ ਨੂੰ ਫ਼ੋਨ ਕਰਨਾ ਚਾਹੀਦਾ ਹੈ। ਤੁਹਾਨੂੰ ਆਪਣੀ ਸਥਾਨਕ ਸਫੈਦ ਪੰਨਿਆਂ ਦੀ ਫੋਨ ਡਾਇਰੈਕਟਰੀ ਵਿੱਚ ਕਮਿਸ਼ਨਰ ਦਾ ਨੰਬਰ ਲੇਵੋ

https://www.cdfa.ca.gov/exec/county/countymap/

**ਡੀਪੀਆਰ ਦੇ ਖੇਤਰੀ ਦਫਤਰ ਹਨ:**

- **ਉੱਤਰੀ (ਵੈਸਟ ਸੈਕਰਾਮੈਂਟੋ) (916) 376-8960**
- **ਸੈਂਟਰਲ (ਕਲੋਇਸ) (559) 297-3511**
- **ਦੱਖਣੀ (ਐਨਾਹਾਇਮ) (714) 279-7690**

**ਕੀਟਨਾਸ਼ਕ ਬਾਰੇ ਸ਼ਿਕਾਇਤ ?**
**1-87PestLine**
**ਜਾਣਕਾਰੀ ਲਾਈਨ**
**1-877-378-5463**

ਸੁਰੱਖਿਆ ਸਬੰਧੀ ਲੀਫ਼ਲੈਟ (ਪਰਚੇ) ਇੱਥੇ ਉਪਲੱਬਧ ਹਨ:
www.cdpr.ca.gov/worker-health-and-safety/education-series

## ਡਾਕਟਰ ਨੂੰ ਕੀ ਜਾਣਨ ਦੀ ਲੋੜ ਹੁੰਦੀ ਹੈ?

ਤੁਹਾਡੇ ਮਾਲਕ ਲਈ ਡਾਕਟਰ ਨੂੰ ਜਾਂ ਨਰਸ ਨੂੰ ਸਹੀ-ਸਹੀ ਦੱਸਣਾ ਜ਼ਰੂਰੀ ਹੈ ਕਿ ਤੁਹਾਨੂੰ ਜਾਂ ਹੋਰਾਂ ਨੂੰ ਬੀਮਾਰ ਕਰਨ ਲਈ ਕੀਟਨਾਸ਼ਕ(ਕਾਂ) ਨਾਲ ਕੀ ਵਾਪਰਿਆ ਸੀ। ਤੁਹਾਡੇ ਮਾਲਕ ਨੂੰ ਡਾਕਟਰ ਜਾਂ ਨਰਸ ਨੂੰ ਸੁਚੇਤ ਕਰਨ ਦੀ ਲੋੜ ਹੁੰਦੀ ਹੈ ਕਿ ਵਿਅਕਤੀ ਕੀਟਨਾਸ਼ਕਾਂ ਤੋਂ ਬੀਮਾਰ ਹੋਇਆ ਹੋ ਸਕਦਾ ਹੈ ਤਾਂ ਜੋ ਉਹ ਖੁਦ ਨੂੰ ਤਿਆਰ ਅਤੇ ਸੁਰੱਖਿਅਤ ਕਰ ਸਕਣ। ਤੁਹਾਡੇ ਮਾਲਕ ਨੂੰ ਸ਼ਾਮਲ ਕੀਟਨਾਸ਼ਕ(ਕਾਂ) ਬਾਰੇ ਦੱਸਣ ਅਤੇ ਡਾਕਟਰ ਨੂੰ ਦਿਖਾਉਣ ਲਈ ਕੀਟਨਾਸ਼ਕ(ਕਾਂ) ਬਾਰੇ ਕੋਈ ਵੀ ਜਾਣਕਾਰੀ ਨਾਲ ਲਿਆਉਣ ਦੀ ਲੋੜ ਹੁੰਦੀ ਹੈ। ਇਸ ਜਾਣਕਾਰੀ ਵਿੱਚ ਇਹ ਸ਼ਾਮਲ ਹੋਣਾ ਜ਼ਰੂਰੀ ਹੈ:

### ਆਪਣੇ ਡਾਕਟਰ ਨੂੰ ਇਹ ਦੱਸੋ

**ਕੀਟਨਾਸ਼ਕ(ਕਾਂ) ਦਾ ਨਾਮ:** ______

**ਸਰਗਰਮ ਤੱਤ:** ______

**EPA ਰਜਿਸਟਰੇਸ਼ਨ ਨੰਬਰ:** ______

**ਕੀਟਨਾਸ਼ਕ ਉੱਤੇ ਦਿੱਤੀ ਸੁਰੱਖਿਆ ਡੇਟਾ ਸ਼ੀਟ (SDS) (ਹਾਂ/ਨਹੀਂ):** ______

**ਕੀਟਨਾਸ਼ਕ ਕਿਵੇਂ ਇਸਤੇਮਾਲ ਕੀਤਾ ਗਿਆ ਸੀ:** ______

**ਪ੍ਰਭਾਵ ਕਿਵੇਂ ਵਾਪਰਿਆ ਹੋ ਸਕਦਾ ਹੈ:** ______



ਕੀਟਨਾਸ਼ਕ ਸੁਰੱਖਿਆ ਜਾਣਕਾਰੀ

dpr

ਕੈਲੀਫ਼ੋਰਨੀਆ ਦੇ ਵਾਤਾਵਰਣ ਦੀ ਸੁਰੱਖਿਆ ਬਾਰੇ ਏਜੰਸੀ

A No. 5

# ਖੇਤੀਬਾੜੀ ਵਾਲੀਆਂ ਥਾਂਵਾਂ ਵਿੱਚ ਕੀਟਨਾਸ਼ਕਾਂ ਨੂੰ ਸਾਹ ਰਾਹੀਂ ਆਪਣੇ ਅੰਦਰ ਜਾਣ ਤੋਂ ਰੋਕਣਾ ਅਤੇ ਆਪਣੇ ਆਪ ਨੂੰ ਸੁਰੱਖਿਅਤ ਰੱਖਣਾ

**ਜੇ ਤੁਸੀਂ ਹਾਨੀਕਾਰਕ ਧੂੜ, ਛਿੱਟੇ, ਜਾਂ ਵਾਸ਼ਪਾਂ ਦੇ ਅਸਰ ਹੇਠ ਆ ਜਾਂਦੇ ਹੋ, ਤਾਂ ਰੈਸਪੀਰੇਟਰ (ਸ਼ਵਾਸ-ਯੰਤਰ) ਤੁਹਾਡੀ ਸੁਰੱਖਿਆ ਕਰਨ ਵਿੱਚ ਮਦਦ ਕਰ ਸਕਦਾ ਹੈ।** ਰੈਸਪੀਰੇਟਰ ਨਿੱਜੀ ਸੁਰੱਖਿਆ ਉਪਕਰਨ (PPE) ਦਾ ਹੀ ਇੱਕ ਰੂਪ ਹੈ। ਕੀਟਨਾਸ਼ਕ ਦੇ ਲੇਬਲ, ਕੈਲੀਫ਼ੋਰਨੀਆਂ ਦੇ ਨਿਯਮਾਂ, ਜਾਂ ਤੁਹਾਡੇ ਮਾਲਕ ਵੱਲੋਂ ਦੱਸੇ ਅਨੁਸਾਰ ਤੁਹਾਡੇ ਲਈ ਕਿਸੇ ਵੀ ਸਮੇਂ ਰੈਸਪੀਰੇਟਰ ਪਹਿਨਣਾ ਜ਼ਰੂਰੀ ਹੈ। ਜੇ ਲੇਬਲ 'ਤੇ ਲਿਖਿਆ ਹੋਇਆ ਹੈ "ਧੂੜ, ਵਾਸ਼ਪ, ਜਾਂ ਧੁੰਦ ਵਿੱਚ ਸਾਹ ਲੈਣ ਤੋਂ ਬਚੋ" ਤਾਂ ਵੀ ਤੁਹਾਨੂੰ ਰੈਸਪੀਰੇਟਰ ਪਹਿਨਣ ਦੀ ਲੋੜ ਹੋ ਸਕਦੀ ਹੈ। ਤੁਹਾਡੇ ਮਾਲਕ ਨੂੰ ਪਤਾ ਹੋਣਾ ਜ਼ਰੂਰੀ ਹੈ ਕਿ ਤੁਹਾਡੇ ਕੰਮ ਲਈ ਰੈਸਪੀਰੇਟਰ ਦੇ ਕਿਹੜੇ ਪ੍ਰਕਾਰ ਦੀ ਲੋੜ ਹੈ। ਤੁਹਾਡੇ ਮਾਲਕ ਵੱਲੋਂ ਤੁਹਾਨੂੰ ਰੈਸਪੀਰੇਟਰ ਮੁਫ਼ਤ ਦਿੱਤਾ ਜਾਣਾ ਚਾਹੀਦਾ ਹੈ, ਜਦੋਂ ਇਸਦੀ ਲੋੜ ਹੋਵੇ ਅਤੇ ਤੁਹਾਡਾ ਇਸਨੂੰ ਪਹਿਨਣਾ ਜ਼ਰੂਰੀ ਹੈ।



## ਕੀ ਕੋਈ ਵੀ ਰੈਸਪੀਰੇਟਰ ਦਾ ਇਸਤੇਮਾਲ ਕਰ ਸਕਦਾ ਹੈ?

ਇੱਕ ਰੈਸਪੀਰੇਟਰ ਰਾਹੀਂ ਸਾਹ ਲੈਣਾ ਕੁਝ ਲੋਕਾਂ ਲਈ ਬਹੁਤ ਮੁਸ਼ਕਲ ਹੁੰਦਾ ਹੈ। ਜਿਵੇਂ ਕਿ ਉਹ ਲੋਕ, ਜਿਨ੍ਹਾਂ ਨੂੰ ਹਾਈ ਬਲੱਡ ਪ੍ਰੈਸ਼ਰ, ਦਿਲ ਦੀ ਬੀਮਾਰੀ, ਜਾਂ ਫੇਫੜਿਆਂ ਦੀ ਬੀਮਾਰੀ ਹੋਵੇ, ਹੋ ਸਕਦਾ ਹੈ ਉਹ ਸੁਰੱਖਿਅਤ ਤਰੀਕੇ ਨਾਲ ਰੈਸਪੀਰੇਟਰ ਨਾ ਪਹਿਨ ਸਕਦੇ ਹੋਣ। ਜੇ ਤੁਸੀਂ ਕਿਸੇ ਕੀਟਨਾਸ਼ਕ ਨਾਲ ਕੰਮ ਕਰ ਰਹੇ ਹੋ ਅਤੇ ਤੁਹਾਡੇ ਲਈ ਰੈਸਪੀਰੇਟਰ ਪਹਿਨਣਾ ਜ਼ਰੂਰੀ ਹੈ, ਤਾਂ ਇਸ ਤੋਂ ਪਹਿਲਾਂ ਕਿ ਤੁਸੀਂ ਰੈਸਪੀਰੇਟਰ ਇਸਤੇਮਾਲ ਕਰੋ, ਤੁਹਾਡੇ ਮਾਲਕ ਲਈ ਡਾਕਟਰ ਤੋਂ ਇਜਾਜ਼ਤ ਲੈਣੀ ਜ਼ਰੂਰੀ ਹੈ। ਡਾਕਟਰ ਇੱਕ ਪ੍ਰਸ਼ਨਾਵਲੀ ਦੀ ਸਮੀਖਿਆ ਕਰੇਗਾ, ਜਿਸਨੂੰ ਤੁਹਾਡਾ ਮਾਲਕ ਤੁਹਾਡੇ ਤੋਂ ਭਰਵਾਏਗਾ। ਡਾਕਟਰ ਤੁਹਾਡਾ ਮੁਆਇਨਾ ਵੀ ਕਰ ਸਕਦਾ ਹੈ। ਤੁਹਾਡੇ ਮਾਲਕ ਲਈ ਡਾਕਟਰ ਨੂੰ ਇਹ ਦੱਸਣਾ ਜ਼ਰੂਰੀ ਹੈ ਕਿ ਤੁਸੀਂ ਕਿਸ ਤਰ੍ਹਾਂ ਦਾ ਰੈਸਪੀਰੇਟਰ ਇਸਤੇਮਾਲ ਕਰੋਗੇ, ਤੁਹਾਡੀ ਕੰਮ ਦੀ ਥਾਂ ਦੀਆਂ ਗਤੀਵਿਧੀਆਂ, ਅਤੇ ਜਦੋਂ ਤੁਸੀਂ ਰੈਸਪੀਰੇਟਰ ਪਹਿਨੋਗੇ ਤਾਂ ਹਵਾ ਦਾ ਤਾਪਮਾਨ ਕਿੰਨਾ ਹੋ ਸਕਦਾ ਹੈ। ਇਸ ਤੋਂ ਪਹਿਲਾਂ ਕਿ ਤੁਸੀਂ ਰੈਸਪੀਰੇਟਰ ਦੀ ਵਰਤੋਂ ਕਰੋ, ਡਾਕਟਰ ਨੂੰ ਤੁਹਾਡੇ ਮਾਲਕ ਨੂੰ ਇੱਕ ਰਿਪੋਰਟ (ਅਤੇ ਇੱਕ ਕਾਪੀ ਤੁਹਾਨੂੰ ਵੀ) ਦੇਣੀ ਪਏਗੀ ਕਿ ਰੈਸਪੀਰੇਟਰ ਪਹਿਨਣਾ ਤੁਹਾਡੇ ਲਈ ਸੁਰੱਖਿਅਤ ਹੈ ਜਾਂ ਨਹੀਂ। ਤੁਹਾਡੇ ਮਾਲਕ ਲਈ ਡਾਕਟਰ ਦੀਆਂ ਲਿਖਤੀ ਹਿਦਾਇਤਾਂ ਮੰਨਣੀਆਂ ਜ਼ਰੂਰੀ ਹਨ। ਜੇ ਤੁਹਾਡੀ ਸਿਹਤ ਵਿੱਚ ਕੋਈ ਤਬਦੀਲੀਆਂ ਨਹੀਂ ਹੁੰਦੀਆਂ ਜਾਂ ਡਾਕਟਰ ਨੂੰ ਲੱਗਦਾ ਹੈ ਕਿ ਤੁਹਾਨੂੰ ਵਾਧੂ ਮੁਆਇਨੇ ਦੀ ਲੋੜ ਹੈ, ਤੁਹਾਨੂੰ ਦੁਬਾਰਾ ਡਾਕਟਰ ਕੋਲ ਜਾਣ ਦੀ ਲੋੜ ਨਹੀਂ ਹੁੰਦੀ। ਜੇ ਅਜਿਹਾ ਹੁੰਦਾ ਹੈ, ਤਾਂ ਆਪਣੇ ਮਾਲਕ ਨੂੰ ਦੱਸੋ ਕਿ ਤੁਹਾਨੂੰ ਡਾਕਟਰ ਨੂੰ ਦੁਬਾਰਾ ਮਿਲਣ ਦੀ ਲੋੜ ਹੋ ਸਕਦੀ ਹੈ।

**ਤੁਹਾਡੇ ਲਈ ਹਮੇਸ਼ਾ ਕੀਟਨਾਸ਼ਕ ਦੇ ਲੇਬਲ, ਕੈਲੀਫ਼ੋਰਨੀਆਂ ਦੇ ਨਿਯਮਾਂ ਵਿੱਚ ਦੱਸੇ ਅਨੁਸਾਰ ਰੈਸਪੀਰੇਟਰ ਪਹਿਨਣਾ ਜ਼ਰੂਰੀ ਹੈ।**

## ਜੇ ਮੇਰੀਆਂ ਮੁੱਛਾਂ ਜਾਂ ਦਾੜ੍ਹੀ ਹੈ, ਤਾਂ ਕੀ ਮੈਂ ਰੈਸਪੀਰੇਟਰ ਪਹਿਨ ਸਕਦਾ ਹਾਂ?

ਜੇ ਤੁਹਾਡੇ ਦਾੜ੍ਹੀ, ਸੰਘਣੀਆਂ ਮੁੱਛਾਂ, ਜਾਂ ਲੰਮੇ ਕਤਰੇ ਹੋਏ ਗਲਮੁੱਛੇ ਹਨ, ਤਾਂ ਰੈਸਪੀਰੇਟਰ ਤੁਹਾਡੀ ਸਹੀ ਤਰ੍ਹਾਂ ਸੁਰੱਖਿਆ ਨਹੀਂ ਕਰ ਸਕਦਾ ਕਿਉਂਕਿ ਇਹ ਤੁਹਾਡੇ ਚਿਹਰੇ 'ਤੇ ਰੈਸਪੀਰੇਟਰ ਨੂੰ ਕੱਸ ਕੇ ਪੂਰੀ ਤਰ੍ਹਾਂ ਬੰਦ ਨਹੀਂ ਹੋਣ ਦੇਣਗੇ। ਜਦੋਂ ਮੁਖੌਟਾ ਤੁਹਾਡੇ ਚਿਹਰੇ ਨੂੰ ਛੂੰਹਦਾ ਹੋਵੇ ਤਾਂ ਤੁਹਾਡੇ ਚਿਹਰੇ 'ਤੇ ਵਾਲ ਨਹੀਂ ਹੋਣੇ ਚਾਹੀਦੇ।

ਜੇ ਤੁਹਾਡਾ ਰੈਸਪੀਰੇਟਰ ਤੁਹਾਡੇ ਚਿਹਰੇ 'ਤੇ ਕੱਸ ਕੇ ਪੂਰੀ ਤਰ੍ਹਾਂ ਬੰਦ ਨਹੀਂ ਹੁੰਦਾ, ਤਾਂ ਤੁਹਾਡੇ ਮਾਲਕ ਨੂੰ ਤੁਹਾਨੂੰ ਕੰਮ ਨਹੀਂ ਕਰਨ ਦੇਣਾ ਚਾਹੀਦਾ। ਤੁਹਾਡੇ ਮਾਲਕ ਨੂੰ ਤੁਹਾਨੂੰ ਵੱਖਰੀ ਤਰ੍ਹਾਂ ਦਾ ਰੈਸਪੀਰੇਟਰ ਦੇਣਾ ਚਾਹੀਦਾ ਹੈ, ਜਿਸਨੂੰ ਕੱਸ ਕੇ ਬੰਦ ਕਰਨ ਦੀ ਲੋੜ ਨਾ ਹੋਵੇ, ਜਾਂ ਤੁਹਾਨੂੰ ਬੰਦ ਮਿਸ਼ਰਣ ਪ੍ਰਣਾਲੀ ਜਾਂ ਕੁਝ ਕੰਮਾਂ ਲਈ ਬੰਦ ਗੱਡੀ ਮੁਹੱਈਆ ਕਰਨੀ ਚਾਹੀਦੀ ਹੈ (ਇੰਜਨੀਅਰਿੰਗ ਨਿਯੰਤਰਣ ਅਤੇ PPE ਬਾਰੇ ਹੋਰ ਜਾਣਕਾਰੀ ਲਈ A-3 ਸੁਰੱਖਿਆ ਲੀਫ਼ਲੈਟ (ਪਰਚਾ) ਦੇਖੋ)।

ਸੁਰੱਖਿਆ ਸਬੰਧੀ ਸੁਝਾਅ

5

**ਜੇ**
**ਕੰਮ 'ਤੇ ਕੋਈ ਬੀਮਾਰ ਹੋ ਜਾਵੇ ਜਾਂ ਕਿਸੇ ਨੂੰ ਸੱਟ ਲਗੇ ਤਾਂ ਹਮੇਸ਼ਾ ਆਪਣੇ ਮਾਲਕ ਨੂੰ ਦੱਸੋ।**

## ਮੈਨੂੰ ਰੈਸਪੀਰੇਟਰ ਪਹਿਨਣ ਤੋਂ ਪਹਿਲਾਂ ਹੋਰ ਕਿਸ ਚੀਜ਼ ਦੀ ਲੋੜ ਹੈ?

### 1. ਫਿਟ ਟੈਸਟਿੰਗ

ਜਦੋਂ ਡਾਕਟਰ ਆਖ ਦੇਵੇ ਕਿ ਤੁਸੀਂ ਰੈਸਪੀਰੇਟਰ ਪਹਿਨ ਸਕਦੇ ਹੋ, ਅਤੇ ਪਹਿਲੀ ਵਾਰ ਰੈਸਪੀਰੇਟਰ ਪਹਿਨਣ ਤੋਂ ਪਹਿਲਾਂ, ਤੁਹਾਡੇ ਲਈ ਇਹ ਯਕੀਨੀ ਬਣਾਉਣ ਲਈ ਇਸਨੂੰ ਫਿਟ ਟੈਸਟ ਕਰਨਾ ਜ਼ਰੂਰੀ ਹੈ ਕਿ ਰੈਸਪੀਰੇਟਰ ਤੁਹਾਡੇ ਚਿਹਰੇ 'ਤੇ ਚੰਗੀ ਤਰ੍ਹਾਂ ਫਿਟ ਹੋ ਰਿਹਾ ਹੈ। ਰੈਸਪੀਰੇਟਰ ਵੱਖ-ਵੱਖ ਸਾਈਜ਼ਾਂ ਵਿੱਚ ਆਉਂਦੇ ਹਨ। ਵੱਖ-ਵੱਖ ਕੀਟਨਾਸ਼ਕਾਂ ਨਾਲ ਕੰਮ ਕਰਦੇ ਸਮੇਂ ਤੁਹਾਨੂੰ ਵੱਖ-ਵੱਖ ਰੈਸਪੀਰੇਟਰ ਪਹਿਨਣ ਦੀ ਲੋੜ ਪੈ ਸਕਦੀ ਹੈ। ਇਹ ਬਹੁਤ ਜ਼ਰੂਰੀ ਹੈ ਕਿ ਤੁਸੀਂ ਜੋ ਵੀ ਰੈਸਪੀਰੇਟਰ ਪਹਿਨਣ ਦੀ ਲੋੜ ਪੈਣ ‘ਤੇ ਹਰ ਸਾਲ ਫਿੱਟ ਟੈਸਟਿੰਗ ਕਰਵਾਉਣੀ ਲਾਜ਼ਮੀ ਹੈ, ਅਤੇ ਜਦੋਂ ਵੀ ਤੁਹਾਡੇ ਚਿਹਰੇ ਦੇ ਰੈਸਪੀਰੇਟਰ ਨਾਲ ਫਿੱਟ ਹੋਣ ਦੇ ਤਰੀਕੇ ਵਿੱਚ ਕੋਈ ਬਦਲਾਅ ਆਵੇ ਤਾਂ ਵੀ ਇਹ ਟੈਸਟਿੰਗ ਕਰਵਾਉਣੀ ਚਾਹੀਦੀ ਹੈ। ਫਿਟ ਟੈਸਟਿੰਗ ਹਰ ਸਾਲ ਕੀਤੀ ਜਾਣੀ ਜ਼ਰੂਰੀ ਹੈ, ਜਦੋਂ ਤੁਹਾਨੂੰ ਰੈਸਪੀਰੇਟਰ ਪਹਿਨਣਾ ਪਵੇ, ਅਤੇ ਕਿਸੇ ਵੀ ਸਮੇਂ, ਜਦੋਂ ਤੁਹਾਡੇ ਰੈਸਪੀਰੇਟਰ ਦੇ ਤੁਹਾਡੇ ਚਿਹਰੇ 'ਤੇ ਫਿਟ ਹੋਣ ਦੇ ਤਰੀਕੇ ਵਿੱਚ ਤਬਦੀਲੀਆਂ ਹੁੰਦੀਆਂ ਹਨ। ਇਹ ਦੇਖਦੇ ਹੋਏ ਕਿ ਤੁਹਾਡਾ ਰੈਸਪੀਰੇਟਰ ਤੁਹਾਡੇ ਚਿਹਰੇ 'ਤੇ ਕਿੰਨਾ ਫਿਟ ਆਉਂਦਾ ਹੈ, ਇਸਨੂੰ ਅਜਿਹੇ ਖੇਤਰ ਵਿੱਚ ਪਹਿਨੋ, ਜਿੱਥੇ ਕੋਈ ਕੀਟਨਾਸ਼ਕ ਨਾ ਹੋਣ। ਜੇ ਤੁਸੀਂ ਨਜ਼ਰ ਦੀਆਂ ਐਨਕਾਂ ਲਗਾਉਂਦੇ ਹੋ, ਜਾਂ ਕੰਮ ਕਰਦੇ ਸਮੇਂ ਆਪਣੀ ਸੁਰੱਖਿਆ ਲਈ ਸੁਰੱਖਿਆ ਐਨਕਾਂ ਜਾਂ ਧੁੱਪ ਦੀਆਂ ਐਨਕਾਂ ਪਾਉਂਦੇ ਹੋ, ਤਾਂ ਇਹ ਤੁਹਾਡੇ ਰੈਸਪੀਰੇਟਰ ਦੇ ਫਿਟ ਹੋਣ ਵਿੱਚ ਰੁਕਾਵਟ ਨਹੀਂ ਹੋਣੀਆਂ ਚਾਹੀਦੀਆਂ।

### 2. ਟ੍ਰੇਨਿੰਗ

ਤੁਹਾਡੇ ਮਾਲਕ ਲਈ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਤੁਹਾਨੂੰ ਇਹਨਾਂ ਬਾਰੇ ਟ੍ਰੇਨਿੰਗ ਮਿਲੀ ਹੈ :

- ਤੁਹਾਨੂੰ ਰੈਸਪੀਰੇਟਰ ਪਹਿਨਣ ਦੀ ਲੋੜ ਕਿਉਂ ਹੈ, ਅਤੇ ਇਹ ਕੀ ਕਰ ਸਕਦਾ ਹੈ ਅਤੇ ਕੀ ਨਹੀਂ ਕਰ ਸਕਦਾ,
- ਰੈਸਪੀਰੇਟਰ ਦਾ ਇਸਤੇਮਾਲ, ਜਾਂਚ, ਅਤੇ ਸਹੀ ਦੇਖਭਾਲ ਕਿਵੇਂ ਕਰਨੀ ਹੈ,
- ਐਮਰਜੈਂਸੀ ਵਿੱਚ ਰੈਸਪੀਰੇਟਰ ਕਿਵੇਂ ਇਸਤੇਮਾਲ ਕਰਨਾ ਹੈ, ਇਸ ਸਮੇਤ ਕਿ ਜਦੋਂ ਰੈਸਪੀਰੇਟਰ ਸਹੀ ਤਰ੍ਹਾਂ ਕੰਮ ਨਾ ਕਰ ਰਿਹਾ ਹੋਵੇ,
- ਜੇ ਰੈਸਪੀਰੇਟਰ ਸਹੀ ਤਰ੍ਹਾਂ ਕੰਮ ਨਾ ਕਰ ਰਿਹਾ ਹੋਵੇ ਤਾਂ ਤੁਹਾਨੂੰ ਕਿਹੋ ਜਿਹਾ ਮਹਿਸੂਸ ਹੋ ਸਕਦਾ ਹੈ, ਅਤੇ
- ਜਦੋਂ ਵੀ ਤੁਸੀਂ ਰੈਸਪੀਰੇਟਰ ਪਹਿਨੋ ਤਾਂ ਹਰ ਵਾਰ ਆਪਣੇ ਰੈਸਪੀਰੇਟਰ ਦੇ ਫਿਟ ਹੋਣ ਅਤੇ ਬੰਦ ਹੋਣ ਦੀ ਜਾਂਚ ਕਿਵੇਂ ਕਰਨੀ ਹੈ।

**ਰੈਸਪੀਰੇਟਰ ਦਾ ਇਸਤੇਮਾਲ ਕਰਨ ਤੋਂ ਪਹਿਲਾਂ ਤੁਹਾਨੂੰ ਟ੍ਰੇਨਿੰਗ ਮਿਲਣੀ ਚਾਹੀਦੀ ਹੈ ਅਤੇ ਉਸਦੇ ਬਾਅਦ ਹਰ ਸਾਲ, ਜਦੋਂ ਤੁਸੀਂ ਰੈਸਪੀਰੇਟਰ ਪਹਿਨੋ।** ਤੁਹਾਡੀ ਟ੍ਰੇਨਿੰਗ ਦੇ ਹਿੱਸੇ ਵਜੋਂ, ਤੁਹਾਡਾ ਮਾਲਕ ਤੁਹਾਨੂੰ ਪੁੱਛ ਸਕਦਾ ਹੈ ਕਿ ਤੁਹਾਡਾ ਰੈਸਪੀਰੇਟਰ ਹਾਲੀਂ ਫਿਟ ਹੈ ਜਾਂ ਨਹੀਂ ਅਤੇ ਰੈਸਪੀਰੇਟਰਾਂ ਦੇ ਜਿਹੜੇ ਪ੍ਰਕਾਰਾਂ ਦੀ ਤੁਸੀਂ ਵਰਤੋਂ ਕਰਦੇ ਹੋ ਅਤੇ ਰੈਸਪੀਰੇਟਰ ਦੇਖਭਾਲ ਅਜੇ ਵੀ ਤੁਹਾਡੇ ਲਈ ਸਹਾਇਕ ਹੈ ਜਾਂ ਨਹੀਂ।



## ਮੈਂ ਸਹੀ ਰੈਸਪੀਰੇਟਰ ਕਿਸ ਤਰ੍ਹਾਂ ਲੈ ਸਕਦਾ ਹਾਂ?

ਜ਼ਿਆਦਾਤਰ ਰੈਸਪੀਰੇਟਰ ਅਸਲ ਵਿੱਚ "ਹਵਾ ਸਾਫ਼" ਨਹੀਂ ਕਰਦੇ। ਉਹ ਸਭ ਤੋਂ ਵੱਧ ਨੁਕਸਾਨਦਾਇਕ ਰਸਾਇਣ ਨੂੰ ਤੁਹਾਡੇ ਫੇਫੜਿਆਂ ਵਿੱਚ ਜਾਣ ਤੋਂ ਰੋਕਦੇ ਹਨ। ਇਹ ਕੰਮ ਉਹ ਵਿਸ਼ੇਸ਼ ਫਿਲਟਰ ਸਮੱਗਰੀਆਂ ਰਾਹੀਂ ਕਰਦੇ ਹਨ। ਕਈ ਤਰ੍ਹਾਂ ਦੇ ਰੈਸਪੀਰੇਟਰ ਹਨ, ਜੋ ਵੱਖ-ਵੱਖ ਖ਼ਤਰਿਆਂ ਤੋਂ ਤੁਹਾਨੂੰ ਸੁਰੱਖਿਅਤ ਕਰਨਗੇ। ਲੇਬਲ, ਕੈਲੀਫ਼ੋਰਨੀਆ ਦੇ ਨਿਯਮ, ਜਾਂ ਤੁਹਾਡਾ ਮਾਲਕ ਤੁਹਾਨੂੰ ਦੱਸੇਗਾ ਕਿ ਰੈਸਪੀਰੇਟਰ ਦਾ ਕਿਹੜੇ ਪ੍ਰਕਾਰ ਦਾ ਇਸਤੇਮਾਲ ਕਰਨਾ ਹੈ। ਤੁਹਾਨੂੰ ਸੁਰੱਖਿਅਤ ਰੱਖਣ ਲਈ, ਜ਼ਰੂਰੀ ਹੈ ਕਿ ਰੈਸਪੀਰੇਟਰ ਤੁਹਾਡੇ ਕੰਮ ਦੇ ਅਨੁਸਾਰ ਹੋਵੇ। ਉਦਾਹਰਣ ਵਜੋਂ:




- ਜੇਕਰ ਕੀਟਨਾਸ਼ਕ ਧੂੜ ਦੇ ਰੂਪ ਵਿੱਚ ਹੈ, ਤਾਂ ਆਪਣੇ ਆਪ ਨੂੰ ਬਚਾਉਣ ਲਈ ਤੁਹਾਨੂੰ ਸਿਰਫ਼ ਇੱਕ ਫਿਲਟਰਿੰਗ ਫੇਸ ਪੀਸ (ਜਿਵੇਂ ਕਿ ਤਸਵੀਰ ਵਿੱਚ ਦਿਖਾਇਆ ਗਿਆ ਹੈ) ਦੀ ਲੋੜ ਪੈ ਸਕਦੀ ਹੈ।
- ਕੁਝ ਕੀਟਨਾਸ਼ਕ ਭਾਫ਼ ਵਿੱਚ ਬਦਲ ਜਾਂਦੇ ਹਨ, ਇਸ ਲਈ ਤੁਹਾਡੇ ਫੇਫੜਿਆਂ ਦੀ ਸੁਰੱਖਿਆ ਲਈ ਤੁਹਾਨੂੰ ਖਾਸ ਫਿਲਟਰਾਂ (ਕਾਰਟ੍ਰੀਜਾਂ) ਵਾਲਾ ਅੱਧੇ ਚਿਹਰੇ ਵਾਲਾ ਰੈਸਪੀਰੇਟਰ ਪਹਿਨਣ ਦੀ ਲੋੜ ਪੈ ਸਕਦੀ ਹੈ।
- ਕਈ ਵਾਰ ਤੁਹਾਨੂੰ ਇਹਨਾਂ ਦੀ ਲੋੜ ਪੈ ਸਕਦੀ ਹੈ ਕਈ ਵਾਰ ਤੁਹਾਨੂੰ ਸਾਹ ਲੈਣ ਲਈ ਸਾਫ਼ ਹਵਾ ਯਕੀਨੀ ਬਣਾਉਣ ਵਾਸਤੇ ਇੱਕ ਸਪਲਾਈਡ ਏਅਰ ਰੈਸਪੀਰੇਟਰ, ਜਿਵੇਂ ਕਿ ਸੈਲਫ-ਕੰਟੇਂਡ ਬ੍ਰੀਥਿੰਗ ਅਪਾਰਟਸ (SCBA) ਦੀ ਵਰਤੋਂ ਕਰਨੀ ਪੈ ਸਕਦੀ ਹੈ।

ਜੋ ਰੈਸਪੀਰੇਟਰ ਤੁਸੀਂ ਪਹਿਨੋ, ਉਸਦੇ ਉੱਤੇ ਕਿਸੇ ਥਾਂ ਤੇ "NIOSH" ਸ਼ਬਦ ਲਿਖੇ ਹੋਣੇ ਚਾਹੀਦੇ ਹਨ, ਜੋ ਇਹ ਦੱਸਦੇ ਹਨ ਕਿ ਇਹ ਮੰਜ਼ੂਰਸ਼ੁਦਾ ਮੁਖੌਟਾ ਹੈ। NIOSH ਦਾ ਮਤਲਬ ਹੈ, ਵਿਵਸਾਇਕ ਸੁਰੱਖਿਆ ਅਤੇ ਸਿਹਤ ਲਈ ਰਾਸ਼ਟਰੀ ਸੰਸਥਾ (National Institute for Occupational Safety and Health)। NIOSH ਨਿਸ਼ਾਨ ਤੋਂ ਬਿਨਾਂ ਵਾਲੇ ਮਾਸਕ ਢੁਕਵੀਂ ਸੁਰੱਖਿਆ ਪ੍ਰਦਾਨ ਨਹੀਂ ਕਰਦੇ ਅਤੇ ਉਹਨਾਂ ਨੂੰ ਸਾਹ ਸੰਬੰਧੀ ਸੁਰੱਖਿਅਤ ਨਹੀਂ ਮੰਨਿਆ ਜਾਂਦਾ।

## ਮੈਂ ਇਹ ਕਿਸ ਤਰ੍ਹਾਂ ਦੱਸ ਸਕਦਾ ਹਾਂ ਕਿ ਮੇਰਾ ਰੈਸਪੀਰੇਟਰ ਸਹੀ ਤਰ੍ਹਾਂ ਕੰਮ ਕਰ ਰਿਹਾ ਹੈ?



ਫਿਲਟਰ ਕੁਝ ਸਮੇਂ ਬਾਅਦ ਕੰਮ ਕਰਨਾ ਬੰਦ ਕਰ ਸਕਦੇ ਹਨ ਅਤੇ ਉਸ ਸਮੇਂ ਕੀਟਨਾਸ਼ਕ ਉਨ੍ਹਾਂ ਰਾਹੀਂ ਤੁਹਾਡੇ ਸਾਹ ਨਾਲ ਅੰਦਰ ਚਲਾ ਜਾਏਗਾ, ਜਾਂ ਫਿਲਟਰ ਵਿੱਚ ਰੁਕਾਵਟ ਪੈ ਸਕਦੀ ਹੈ ਅਤੇ ਇਸ ਨਾਲ ਸਾਹ ਲੈਣਾ ਮੁਸ਼ਕਲ ਹੋ ਸਕਦਾ ਹੈ। ਕਿਉਂਕਿ ਬਹੁਤੇਰੇ ਕੀਟਨਾਸ਼ਕਾਂ ਦੀ ਕੋਈ ਮੁਸ਼ਕ ਨਹੀਂ ਹੁੰਦੀ ਜਾਂ ਕੋਈ ਜਲਣ ਪੈਦਾ ਨਹੀਂ ਹੁੰਦੀ, ਤੁਹਾਡੇ ਮਾਲਕ ਨੂੰ ਫਿਲਟਰਾਂ ਨੂੰ ਅਕਸਰ ਬਦਲਦੇ ਰਹਿਣਾ ਚਾਹੀਦਾ ਹੈ। ਜੇ ਤੁਹਾਨੂੰ ਕੋਈ ਮੁਸ਼ਕ ਆਏ, ਅਜੀਬ ਜਿਹਾ ਸੁਆਦ ਮਹਿਸੂਸ ਕਰੋ, ਤੁਹਾਡੀਆਂ ਅੱਖਾਂ ਅਤੇ ਗਲੇ ਵਿੱਚ ਜਲਣ ਹੋ ਰਹੀ ਹੋਵੇ, ਜਾਂ ਸਾਹ ਲੈਣਾ ਮੁਸ਼ਕਲ ਹੋ ਰਿਹਾ ਹੋ, ਤਾਂ **ਤੁਰੰਤ ਉਸ ਜਗ੍ਹਾ ਤੋਂ ਹਟ ਜਾਓ।** ਕਿਸੇ ਸੁਰੱਖਿਅਤ ਜਗ੍ਹਾ 'ਤੇ ਜਾਓ, ਜਿੱਥੇ ਕੋਈ ਕੀਟਨਾਸ਼ਕ ਨਾ ਹੋਣ। ਫਿਰ ਆਪਣਾ ਰੈਸਪੀਰੇਟਰ ਉਤਾਰੋ ਅਤੇ ਇਸਨੂੰ ਧਿਆਨ ਨਾਲ ਦੇਖੋ। ਕੀ ਇਹ ਫਟ ਗਿਆ ਹੈ, ਇਸ ਵਿੱਚ ਤਰੇੜਾਂ ਆਈਆਂ ਹਨ, ਪੁਰਾਣਾ, ਜਾਂ ਗੰਦਾ ਹੋ ਗਿਆ ਹੈ? ਜੇ ਅਜਿਹਾ ਹੈ, ਤਾਂ ਆਪਣੇ ਮਾਲਕ ਨੂੰ ਆਪਣਾ ਰੈਸਪੀਰੇਟਰ ਬਦਲਣ ਲਈ ਕਹੋ। ਜੇ ਤੁਹਾਨੂੰ ਅਜਿਹੀ ਕੋਈ ਸਮੱਸਿਆ ਨਜ਼ਰ ਨਾ ਆਏ, ਤਾਂ ਤੁਹਾਨੂੰ ਫਿਲਟਰ ਬਦਲਣ ਦੀ ਲੋੜ ਹੋ ਸਕਦੀ ਹੈ।

## ਮੈਂ ਫਿਲਟਰ ਕਦੋਂ ਬਦਲਾਂ?

ਤੁਸੀਂ ਕ੍ਰਮ ਵਿੱਚ ਇਹਨਾਂ ਨਿਯਮਾਂ ਦੀ ਪਾਲਣਾ ਕਰਕੇ ਤੈਅ ਕਰ ਸਕਦੇ ਹੋ ਕਿ ਫਿਲਟਰ ਕਦੋਂ ਬਦਲਣਾ ਹੈ (ਜੇ ਨੰਬਰ 1 ਲਾਗੂ ਨਹੀਂ ਹੁੰਦਾ, ਤਾਂ ਨੰਬਰ 2 ਤੇ ਅਤੇ ਫਿਰ ਅੱਗੇ ਜਾਓ):

1. ਜੇ ਤੁਹਾਨੂੰ ਕੋਈ ਮੁਸ਼ਕ, ਸੁਆਦ, ਜਾਂ ਜਲਣ ਮਹਿਸੂਸ ਹੋਵੇ।
2. ਲੇਬਲ 'ਤੇ ਦਿੱਤੀਆਂ ਹਿਦਾਇਤਾਂ ਵਿੱਚ ਕਿਹਾ ਗਿਆ ਹੋਵੇ।
3. ਜਦੋਂ ਰੈਸਪੀਰੇਟਰ ਬਣਾਉਣ ਵਾਲਾ ਕਹਿੰਦਾ ਹੈ ਕਿ ਕਿਸੇ ਵਿਸ਼ੇਸ਼ ਕੀਟਨਾਸ਼ਕ ਨਾਲ ਕੰਮ ਕਰਦੇ ਸਮੇਂ ਇਹ ਬਦਲਣਾ ਚਾਹੀਦਾ ਹੈ।
4. ਜੇ ਕੋਈ ਹਿਦਾਇਤਾਂ ਨਹੀਂ ਹਨ ਤਾਂ ਹਰ ਰੋਜ਼ ਦਾ ਕੰਮ ਖ਼ਤਮ ਹੋਣ 'ਤੇ ਬਦਲੋ।

## ਰੈਸਪੀਰੇਟਰ ਦੀ ਦੇਖਭਾਲ ਕੌਣ ਕਰਦਾ ਹੈ?

ਤੁਹਾਡੇ ਮਾਲਕ ਲਈ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਤੁਹਾਡੇ ਵੱਲੋਂ ਆਪਣੇ ਰੈਸਪੀਰੇਟਰ ਦਾ ਇਸਤੇਮਾਲ ਕਰਨ ਤੋਂ ਪਹਿਲਾਂ ਅਤੇ ਜਦੋਂ ਤੁਸੀਂ ਇਸਦੀ ਸਫ਼ਾਈ ਕਰਦੇ ਹੋ, ਉਸ ਤੋਂ ਪਹਿਲਾਂ ਇਸਦੀ ਜਾਂਚ ਹੁੰਦੀ ਹੈ। ਤੁਹਾਡਾ ਮਾਲਕ ਤੁਹਾਨੂੰ ਟ੍ਰੇਨਿੰਗ ਦੇ ਸਕਦਾ ਹੈ ਕਿ ਇਹ ਕਿਵੇਂ ਕਰਨਾ ਹੈ। ਤੁਹਾਡੇ ਮਾਲਕ ਲਈ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਐਮਰਜੈਂਸੀ ਵਿੱਚ ਇਸਤੇਮਾਲ ਲਈ ਹੋਣ ਵਾਲੇ ਰੈਸਪੀਰੇਟਰਾਂ ਦੀ ਮਹੀਨੇ ਵਿੱਚ ਇੱਕ ਵਾਰ ਜਾਂਚ ਹੁੰਦੀ ਹੈ ਅਤੇ ਜਾਂਚਾਂ ਦੀ ਸੂਚੀ ਰੈਸਪੀਰੇਟਰ ਦੇ ਨਾਲ ਰੱਖੀ ਜਾਂਦੀ ਹੈ। ਜਦੋਂ ਰੈਸਪੀਰੇਟਰ ਟੁੱਟ ਜਾਣ, ਤੁਹਾਡੇ ਮਾਲਕ ਨੂੰ ਉਹਨਾਂ ਨੂੰ ਸਹੀ ਕਰਵਾਉਣਾ ਚਾਹੀਦਾ ਹੈ। ਜੇ ਉਹ ਠੀਕ ਨਹੀਂ ਹੋ ਸਕਦੇ, ਤਾਂ ਤੁਹਾਡੇ ਮਾਲਕ ਨੂੰ ਨਵੇਂ ਲੈਣੇ ਚਾਹੀਦੇ ਹਨ।

ਕਿਸੇ ਹੋਰ ਦਾ ਰੈਸਪੀਰੇਟਰ ਇਸਤੇਮਾਲ ਨਾ ਕਰੋ। ਤੁਹਾਡੇ ਰੁਜ਼ਗਾਰਦਾਤਾ ਨੂੰ ਤੁਹਾਨੂੰ ਆਪਣਾ ਰੈਸਪੀਰੇਟਰ ਦੇਣਾ ਲਾਜ਼ਮੀ ਹੈ ਅਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਵਰਤੋਂ ਤੋਂ ਬਾਅਦ ਇਸਨੂੰ ਸਾਫ਼ ਕੀਤਾ ਜਾਵੇ ਅਤੇ ਲੋੜ ਅਨੁਸਾਰ ਕੀਟਾਣੂ-ਮੁਕਤ ਕੀਤਾ ਜਾਵੇ, ਜਾਂ ਫਿਰ ਤੁਹਾਨੂੰ ਅਜਿਹਾ ਰੈਸਪੀਰੇਟਰ ਦੇਵੇ ਜਿਸਨੂੰ ਇੱਕ ਵਾਰ ਵਰਤੋਂ ਤੋਂ ਬਾਅਦ ਸੁੱਟਿਆ ਜਾ ਸਕੇ।

ਤੁਹਾਡੇ ਮਾਲਕ ਲਈ ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਰੈਸਪੀਰੇਟਰ ਸਮੇਤ ਸਾਰੇ PPE, ਕੀਟਨਾਸ਼ਕਾਂ ਤੋਂ ਦੂਰ ਸਾਂਭੇ ਜਾਂਦੇ ਹਨ। ਰੈਸਪੀਰੇਟਰਾਂ ਨੂੰ ਸਾਂਭ ਦੇ ਸਮੇਂ, ਧੂੜ, ਧੁੱਪ, ਅਤੇ ਤਾਪਮਾਨ ਵਿੱਚ ਵੱਡੀਆਂ ਤਬਦੀਲੀਆਂ ਤੋਂ ਸੁਰੱਖਿਅਤ ਰੱਖਣ ਦੀ ਵੀ ਲੋੜ ਹੁੰਦੀ ਹੈ। ਪਾਣੀ ਜਾਂ ਕਈ ਖਾਸ ਰਸਾਇਣ ਵੀ ਫਿਲਟਰਾਂ ਜਾਂ ਕਾਰਟਰਿਜਾਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਕਈ ਹੋਰ ਰਸਾਇਣ ਮੁਖੌਟੇ ਨੂੰ ਹੀ ਨੁਕਸਾਨ ਪਹੁੰਚਾ ਸਕਦੇ ਹਨ। ਰੈਸਪੀਰੇਟਰਾਂ ਨੂੰ ਇਸ ਤਰ੍ਹਾਂ ਸਾਂਭੋ ਕਿ ਇਹਨਾਂ ਦਾ ਮੂੰਹ ਵਿੱਚ ਪਾਉਣ ਵਾਲਾ ਹਿੱਸਾ ਮੁੜੇ ਨਾ। ਸਖ਼ਤ ਪਲਾਸਟਿਕ ਦੇ ਕੰਟੇਨਰ, ਜਿਹਨਾਂ ਦੇ ਢੱਕਣਾਂ ਵਿੱਚ ਹਵਾ ਨਹੀਂ ਜਾ ਸਕਦੀ (ਏਅਰ ਟਾਈਟ) ਰੈਸਪੀਰੇਟਰਾਂ ਨੂੰ ਸਟੋਰ ਕਰਨ ਲਈ ਸਹੀ ਹਨ।

## ਮੇਰੇ ਮਾਲਕ ਲਈ ਕਿਹੜੇ ਰਿਕਾਰਡ ਰੱਖਣੇ ਜ਼ਰੂਰੀ ਹਨ?

ਜਦੋਂ ਤੱਕ ਤੁਹਾਨੂੰ ਰੈਸਪੀਰੇਟਰ ਪਹਿਨਣ ਦੀ ਲੋੜ ਹੋਵੇ ਅਤੇ ਜਦੋਂ ਤੁਹਾਨੂੰ ਇਹ ਪਹਿਨਣ ਦੀ ਲੋੜ ਨਾ ਹੋਵੇ, ਉਸਦੇ ਘੱਟੋ-ਘੱਟ ਤਿੰਨ ਮਹੀਨਿਆਂ ਬਾਅਦ ਤੱਕ ਤੁਹਾਡੇ ਮਾਲਕ ਲਈ ਇਹ ਰੱਖਣਾ ਜ਼ਰੂਰੀ ਹੈ:

- ਲਿਖਤੀ ਰੈਸਪੀਰੇਟਰ ਪ੍ਰੋਗਰਾਮ।
- ਡਾਕਟਰ ਦਾ ਮੁਲਾਂਕਣ ਨਤੀਜਾ।
- ਟ੍ਰੇਨਿੰਗ, ਕਰਮਚਾਰੀ ਮਸ਼ਵਰਾ, ਅਤੇ ਫਿਟ ਟੈਸਟ ਦੇ ਰਿਕਾਰਡ।

ਤੁਸੀਂ ਜਦੋਂ ਵੀ ਇਹ ਰਿਕਾਰਡ ਦੇਖਣਾ ਚਾਹੋ, ਤੁਹਾਡੇ ਮਾਲਕ ਲਈ ਇਸਦੀ ਤੁਹਾਨੂੰ ਇਸਦੀ ਇਜਾਜ਼ਤ ਦੇਣਾ ਜ਼ਰੂਰੀ ਹੈ।



ਜੇ ਤੁਹਾਨੂੰ ਆਪਣੀ ਟ੍ਰੇਨਿੰ ਗ ਵਿੱਚ ਲੋੜੀਂਦੀ ਸਾਰੀ ਜਾਣਕਾਰੀ ਨਹੀਂ ਮਿਲਦੀ ਜਾਂ ਤੁਸੀਂ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਬਾਰੇ ਸ਼ਿਕਾਇਤ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਹੋਰ ਜਾਣਕਾਰੀ ਲਈ ਆਪਣੇ ਕਾਉਂਟੀ ਦੇ ਐਗਰੀਕਲਚਰ ਕਮਿਸ਼ਨਰ ਜਾਂ ਡੀਪੀਆਰ ਨੂੰ ਫ਼ੋਨ ਕਰਨਾ ਚਾਹੀਦਾ ਹੈ। ਤੁਹਾਨੂੰ ਆਪਣੀ ਸਥਾਨਕ ਸਫੈਦ ਪੰਨਿਆਂ ਦੀਂ ਫੋਨ ਡਾਇਰੈਕਟਰੀ ਵਿੱਚ ਕਮਿਸ਼ਨਰ ਦਾ ਨੰਬਰ ਲੇਵੋ

https://www.cdfa.ca.gov/exec/county/countymap/

**ਡੀਪੀਆਰ ਦੇ ਖੇਤਰੀ ਦਫਤਰ ਹਨ:**

- **ਉੱਤਰੀ (ਵੈਸਟ ਸੈਕਰਾਮੈਂਟੋ) (916) 376-8960**
- **ਸੈਂਟਰਲ (ਕਲੋਇਸ) (559) 297-3511**
- **ਦੱਖਣੀ (ਐਨਾਹਾਇਮ) (714) 279-7690**

ਕੀਟਨਾਸ਼ਕ ਬਾਰੇ ਸ਼ਿਕਾਇਤ ?

**1-87PestLine**

ਜਾਣਕਾਰੀ ਲਾਈਨ

1-877-378-5463

ਸੁਰੱਖਿਆ ਸਬੰਧੀ ਲੀਫ਼ਲੈਟ (ਪਰਚੇ) ਇੱਥੇ ਉਪਲੱਬਧ ਹਨ:
www.cdpr.ca.gov/worker-health-and-safety/education-series

# ਖੇਤੀਬਾੜੀ ਵਾਲੀਆਂ ਥਾਵਾਂ ਵਿੱਚ ਕੀਟਨਾਸ਼ਕਾਂ ਤੋਂ ਹੋਣ ਵਾਲੇ ਪਰਭਾਵ ਨੂੰ ਘੱਟ ਤੋਂ ਘੱਟ ਰੱਖਣ ਲਈ (MEPs) ਲਈ ਸੁਰੱਖਿਆ ਨਿਯਮ

**ਕੁਝ ਕੀਟਨਾਸ਼ਕਾਂ ਨੂੰ "ਘੱਟ ਐਕਸਪੋਜ਼ਰ ਵਾਲੇ ਕੀਟਨਾਸ਼ਕ" ਜਾਂ MEPs ਕਿਹਾ ਜਾਂਦਾ ਹੈ, ਕਿਉਂਕਿ ਇਹ ਯਕੀਨੀ ਬਹੁਤ ਜ਼ਰੂਰੀ ਹੈ ਕਿ, ਜਿੱਥੇ ਤੱਕ ਸੰਭਵ ਹੋ ਸਕੇ, ਤੁਹਾਡੇ ਸਰੀਰ 'ਤੇ ਇਨ੍ਹਾਂ ਦਾ ਅਸਰ ਘੱਟ ਤੋਂ ਘੱਟ ਹੋਵੇ।** MEPs ਤੁਹਾਨੂੰ ਕਈ ਅਜਿਹੇ ਤਰੀਕਿਆਂ ਨਾਲ ਅਸਰ ਪਹੁੰਚਾ ਸਕਦੇ ਹਨ, ਜਿਨ੍ਹਾਂ ਵੱਲ ਤੁਸੀਂ ਫੌਰਨ ਧਿਆਨ ਨਹੀਂ ਦਿੰਦੇ। ਜੇ ਤੁਸੀਂ ਉਹਨਾਂ ਦੇ ਅਸਰ ਹੇਠ ਆ ਜਾਂਦੇ ਹੋ, ਤਾਂ ਉਹ ਤੁਹਾਡੇ ਸਰੀਰ ਨੂੰ ਨੁਕਸਾਨ ਪਹੁੰਚਾ ਸਕਦੇ ਹਨ ਅਤੇ ਤੁਹਾਨੂੰ ਇਹੋ ਜਿਹੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਿਨ੍ਹਾਂ ਦਾ ਤੁਹਾਨੂੰ ਬਹੁਤ ਦੇਰ ਬਾਅਦ ਪਤਾ ਲੱਗ ਸਕਦਾ ਹੈ।



## ਇਹ ਤਿੰਨ ਕਿਸਮ ਦੇ MEPs ਹਨ, ਜਿਨ੍ਹਾਂ ਦਾ ਸ਼ਾਇਦ ਤੁਸੀਂ ਆਪਣੇ ਕੰਮ ਵਿੱਚ ਇਸਤੇਮਾਲ ਕੀਤਾ ਹੋਏਗਾ:

**1. ਬ੍ਰੋਮੋਕਸੀਨਿਲ (ਉਦਾਹਰਣ: ਮੌਕਸੀ, ਮਾਸਟਰੋ, ਕਲੀਨਸਵੀਪ)**

- **ਇਸਤੇਮਾਲ:** ਇਹ ਅਨਾਜ ਵਾਲੀਆਂ ਫਸਲਾਂ, ਮੱਕੀ, ਕਪਾਹ, ਜਵਾਰ, ਪਟਸਨ, ਚਰ੍ਹੀ, ਰੇਜ਼ਲੈਂਡ, ਪੁਦੀਨਾ, ਲਸਣ, ਪਿਆਜ਼, ਘਾਹ, ਅਤੇ ਬਿਨਾਂ ਫਸਲ ਵਾਲੀਆਂ ਸਾਈਟਾਂ 'ਤੇ ਵੱਡੀਆਂ ਪੱਤੀਆਂ ਵਾਲੇ ਨਦੀਨਾਂ ਨੂੰ ਕੰਟਰੋਲ ਕਰਦਾ ਹੈ।
- **ਖ਼ਤਰਾ:** ਜੇ ਤੁਸੀਂ ਗਰਭਵਤੀ ਔਰਤ ਹੋ ਅਤੇ ਇਹਨਾਂ ਕੀਟਨਾਸ਼ਕਾਂ ਦਾ ਥੋੜ੍ਹਾ ਜਿਹਾ ਅਸਰ ਵੀ ਤੁਹਾਡੇ ਉੱਤੇ ਹੁੰਦਾ ਹੈ, ਤਾਂ ਇਹ ਤੁਹਾਨੂੰ ਅਤੇ/ਜਾਂ ਤੁਹਾਡੇ ਅਣਜੰਮੇ ਬੱਚੇ ਨੂੰ ਨੁਕਸਾਨ ਪਹੁੰਚਾ ਸਕਦਾ ਹੈ।

**2. ਆਕਸੀਡੈਮੇਟਨ-ਮਿਥਾਇਲ (ਕੋਈ ਰਜਿਸਟਰਡ ਉਤਪਾਦ ਨਹੀਂ)**

- **ਇਸਤੇਮਾਲ:** ਕੀੜਿਆਂ ਅਤੇ ਮਾਈਟਸ ਨੂੰ ਕੰਟਰੋਲ ਕਰਦਾ ਹੈ।
- **ਖ਼ਤਰਾ:** ਇਹ ਕੀਟਨਾਸ਼ਕ ਨਰਵਜ਼ (ਤੰਤੂ) ਸਿਸਟਮ 'ਤੇ ਅਸਰ ਕਰ ਸਕਦੇ ਹਨ। ਜੇ ਇਨ੍ਹਾਂ ਦਾ ਤੁਹਾਡੇ 'ਤੇ ਬਹੁਤ ਅਸਰ ਹੋ ਜਾਏ ਤਾਂ ਤੁਹਾਨੂੰ ਫੌਰਨ ਉਲਟੀਆਂ ਆਉਣੀਆਂ ਸ਼ੁਰੂ ਹੋ ਸਕਦੀਆਂ ਹਨ, ਸਿਰ ਦਰਦ, ਪੇਟ ਦਰਦ ਜਾਂ ਤੁਹਾਡੀਆਂ ਅੱਖਾਂ ਵਿੱਚ ਧੁੰਦਲਾਪਣ ਹੋ ਸਕਦਾ ਹੈ। ਜੇ ਤੁਸੀਂ ਮਰਦ ਹੋ ਅਤੇ ਭਾਵੇਂ ਤੁਹਾਡੇ 'ਤੇ ਇਸਦਾ ਥੋੜ੍ਹਾ ਅਸਰ ਹੋਵੇ, ਤੁਹਾਡੀ ਬੱਚੇ ਪੈਦਾ ਕਰਨ ਦੀ ਸਮਰੱਥਾ ਨੂੰ ਨੁਕਸਾਨ ਪਹੁੰਚ ਸਕਦਾ ਹੈ।

### 3. ਪ੍ਰੋਪਾਰਗਾਈਟ (ਉਦਾਹਰਣ: ਓਮਾਈਟ, ਡੈਸੀਮਾਈਟ, ਕੋਮਾਈਟ)

- **ਇਸਤੇਮਾਲ:** ਕਪਾਹ, ਮੱਕੀ, ਲਸਣ, ਅੰਗੂਰ, ਸਟ੍ਰਾਬਰੀ, ਪਿਆਜ਼, ਗਿਟਕ ਵਾਲੇ ਫਲਾਂ, ਅਤੇ ਹੋਰਾਂ ਫਸਲਾਂ 'ਤੇ ਘੁਣ 'ਤੇ ਕੰਟਰੋਲ ਕਰਦਾ ਹੈ।
- **ਖ਼ਤਰਾ:** ਜੇ ਤੁਸੀਂ ਇਹਨਾਂ ਕੀਟਨਾਸ਼ਕਾਂ ਦਾ ਤੁਹਾਡੇ ਤੇ ਬਹੁਤ ਜ਼ਿਆਦਾ ਅਸਰ ਹੋ ਗਿਆ ਹੈ, ਤਾਂ ਤੁਹਾਡੀ ਚਮੜੀ ਅਤੇ ਅੱਖਾਂ ਵਿੱਚ ਜਲਣ ਹੋਣੀ ਸ਼ੁਰੂ ਹੋ ਸਕਦੀ ਹੈ, ਤੁਹਾਨੂੰ ਖੰਘ ਸ਼ੁਰੂ ਹੋ ਸਕਦੀ ਹੈ, ਜਾਂ ਤੁਹਾਡੇ ਗਲੇ ਵਿੱਚ ਤਕਲੀਫ਼ ਮਹਿਸੂਸ ਹੋ ਸਕਦੀ ਹੈ। ਜੇ ਤੁਸੀਂ ਗਰਭਵਤੀ ਔਰਤ ਹੋ ਅਤੇ ਇਸ ਕੀਟਨਾਸ਼ਕ ਦਾ ਥੋੜ੍ਹਾ ਜਿਹਾ ਅਸਰ ਵੀ ਤੁਹਾਡੇ ਉੱਤੇ ਹੁੰਦਾ ਹੈ, ਤਾਂ ਇਹ ਤੁਹਾਨੂੰ ਅਤੇ/ਜਾਂ ਤੁਹਾਡੇ ਅਣਜੰਮੇ ਬੱਚੇ ਨੂੰ ਨੁਕਸਾਨ ਪਹੁੰਚ ਸਕਦਾ ਹੈ। ਇਨ੍ਹਾਂ ਕੀਟਨਾਸ਼ਕਾਂ ਦੇ ਅਸਰ ਹੇਠ ਲੰਮਾ ਸਮਾਂ ਰਹਿਣ ਨਾਲ ਤੁਹਾਨੂੰ ਕੈਂਸਰ ਵੀ ਹੋ ਸਕਦਾ ਹੈ।



## ਜਦੋਂ ਮੈਂ ਇਨ੍ਹਾਂ ਕੀਟਨਾਸ਼ਕਾਂ ਦਾ ਇਸਤੇਮਾਲ ਕਰਦਾ ਹਾਂ ਤਾਂ ਮੇਰੇ ਮਾਲਕ ਲਈ ਕੀ ਯਕੀਨੀ ਬਣਾਉਣਾ ਜ਼ਰੂਰੀ ਹੈ?

ਜੇਕਰ ਤੁਸੀਂ MEPs ਨੂੰ ਸੰਬੰਧੀ ਕੰਮ ਕਰਦੇ ਹੋ, ਤਾਂ **ਤੁਹਾਡੇ ਰੁਜ਼ਗਾਰਦਾਤਾ** ਨੂੰ ਤੁਹਾਨੂੰ ਹੇਠ ਲਿਖੇ ਵਿਅਕਤੀਗਤ ਸੁਰੱਖਿਆ ਉਪਕਰਨ (PPE) ਦੇਣਾ ਲਾਜ਼ਮੀ ਹੈ:

- ਕਵਰਆਲ (ਜਾਂ ਲੰਮੀਆਂ ਬਾਹਾਂ ਵਾਲੀ ਕਮੀਜ਼ ਅਤੇ ਲੰਮੀਆਂ ਪੈਂਟਾਂ)।
- ਰਸਾਇਣ-ਪ੍ਰਤੀਰੋਧਕ ਕੱਪੜੇ, ਜੋ ਤੁਹਾਡੇ ਸਰੀਰ, ਸਿਰ, ਬਾਹਾਂ, ਅਤੇ ਲੱਤਾਂ ਨੂੰ ਢਕਣ, ਉਸ ਸਮੇਂ ਨੂੰ ਛੱਡ ਕੇ ਜਦੋਂ:
    - ਤੁਸੀਂ ਕੀਟਨਾਸ਼ਕ ਨੂੰ ਰਲਾਉਣ, ਲੱਦਣ, ਜਾਂ ਮਸ਼ੀਨ ਵਿੱਚ ਪਾਉਣ ਲਈ ਬੰਦ ਮਿਸ਼ਰਣ ਪ੍ਰਣਾਲੀ ਜਾਂ ਪਾਣੀ ਵਿੱਚ ਘੁਲਣਸ਼ੀਲ ਪੈਕੇਜ ਦਾ ਇਸਤੇਮਾਲ ਕਰਦੇ ਹੋ,
    - ਤੁਸੀਂ ਕੀਟਨਾਸ਼ਕ ਦਾ ਇਸਤੇਮਾਲ ਕਰਦੇ ਸਮੇਂ ਬੰਦ ਗੱਡੀ ਦੀ ਵਰਤੋਂ ਕਰਦੇ ਹੋ,
    - ਤੁਸੀਂ ਮਿੱਟੀ ਵਿੱਚ ਕੀਟਨਾਸ਼ਕ ਪਾਉਣ ਜਾਂ ਮਿਲਾਉਣ ਲਈ ਉਪਕਰਨ ਦਾ ਇਸਤੇਮਾਲ ਕਰਦੇ ਹੋ, ਜਾਂ
    - ਛਿੜਕਾਅ ਨੋਜ਼ਲ ਹੇਠਾਂ ਵੱਲ ਕੀਤੀਆਂ ਹੁੰਦੀਆਂ ਹਨ ਅਤੇ ਤੁਹਾਡੇ ਹੇਠਾਂ ਸਥਿਤ ਹੁੰਦੀਆਂ ਹਨ।
- ਰਸਾਇਣ-ਪ੍ਰਤੀਰੋਧਕ ਦਸਤਾਨੇ ਅਤੇ ਬੂਟ।
- ਕੁਝ ਹਵਾਲਿਆਂ ਨਾਲ, ਅੱਖਾਂ ਦੀ ਸੁਰੱਖਿਆ।
- ਸਹੀ ਪ੍ਰਕਾਰ ਦਾ ਰੈਸਪੀਰੇਟਰ (ਸ਼ਵਾਸ-ਯੰਤਰ) (ਇਸ ਲੀਫ਼ਲੈਟ (ਪਰਚੇ) ਦੇ ਅੰਤ ਵਿੱਚ ਸਾਰਨੀ ਦੇਖੋ)। ਰੈਸਪੀਰੇਟਰਾਂ (ਸ਼ਵਾਸ-ਯੰਤਰਾਂ) ਬਾਰੇ ਹੋਰ ਜਾਣਕਾਰੀ ਲਈ, ਆਪਣੇ ਮਾਲਕ ਨੂੰ A-5 ਸੁਰੱਖਿਆ ਲੀਫ਼ਲੈਟ (ਪਰਚੇ) ਲਈ ਪੁੱਛੋ। ਤੁਹਾਡੇ ਲਈ ਰੈਸਪੀਰੇਟਰ ਪਹਿਨਣਾ ਜ਼ਰੂਰੀ ਹੈ:
    - ਜਦੋਂ ਤੁਸੀਂ ਸੁੱਕੇ MEPs ਰਲਾਉਂਦੇ ਜਾਂ ਲੱਦਦੇ ਹੋ (ਜਿਵੇਂ ਧੂੜ ਜਾਂ ਪਾਊਡਰ), ਜੇਕਰ ਕੀਟਨਾਸ਼ਕ ਪਾਣੀ ਵਿੱਚ ਘੁਲਣਸ਼ੀਲ ਪੈਕੇਜ ਵਿੱਚ ਨਹੀਂ ਹੈ।
    - ਜਦੋਂ ਤੁਸੀਂ ਹੱਥ ਨਾਲ ਜਾਂ ਜ਼ਮੀਨ ਤੇ ਰੱਖੇ ਉਪਕਰਨ ਨਾਲ MEPs ਦਾ ਇਸਤੇਮਾਲ ਕਰਦੇ ਹੋ, ਕੁਝ ਹਵਾਲਿਆਂ ਨਾਲ।

ਜੇ ਤੁਸੀਂ ਇਹਨਾਂ ਵਿੱਚੋਂ ਕਿਸੇ ਇੱਕ ਹਵਾਲੇ ਨੂੰ ਪੂਰਾ ਕਰਦੇ ਹੋ, ਤਾਂ ਤਦ ਵੀ ਤੁਹਾਡੇ ਮਾਲਕ ਕੋਲ ਲੋੜੀਂਦਾ PPE ਮੌਜੂਦ ਹੋਣਾ ਅਤੇ ਐਮਰਜੈਂਸੀ ਦੀ ਸਥਿਤੀ ਵਿੱਚ ਉਪਲਬਧ ਕਰਵਾਉਣਾ ਜ਼ਰੂਰੀ ਹੈ। ਤੁਹਾਡੇ ਰੁਜ਼ਗਾਰਦਾਤਾ ਨੂੰ ਇਹ ਯਕੀਨੀ ਬਣਾਉਣਾ ਲਾਜ਼ਮੀ ਹੈ ਕਿ ਸਾਰੇ ਵਿਅਕਤੀਗਤ ਸੁਰੱਖਿਆ ਉਪਕਰਨ (PPE) ਨੂੰ ਹਰ ਕੰਮ ਵਾਲੇ ਦਿਨ ਦੇ ਅੰਤ ਵਿੱਚ ਚੰਗੀ ਤਰ੍ਹਾਂ ਸਾਫ਼ ਕੀਤਾ ਜਾਵੇ ਜਾਂ ਸੁੱਟ ਦਿੱਤਾ ਜਾਵੇ। ਇਹਨਾਂ ਛੋਟਾਂ ਬਾਰੇ ਹੋਰ ਜਾਣਕਾਰੀ ਲਈ, ਆਪਣੇ ਰੁਜ਼ਗਾਰਦਾਤਾ ਤੋਂ A-3 ਸੁਰੱਖਿਆ ਪਰਚੇ ਦੀ ਇੱਕ ਕਾਪੀ ਮੰਗੋ।

ਇਸ ਤੋਂ ਇਲਾਵਾ, ਤੁਹਾਡੇ ਮਾਲਕ ਲਈ ਇਹ ਮੁਹੱਈਆ ਕਰਨਾ ਜ਼ਰੂਰੀ ਹੈ:

- ਜਿੱਥੇ ਤੁਸੀਂ ਕੀਟਨਾਸ਼ਕਾਂ ਨੂੰ ਰਲਾਉਂਦੇ ਅਤੇ ਲੱਦਦੇ ਹੋ, ਉੱਥੇ ਵੈਸੇ ਧੋਣ ਲਈ ਅਤੇ ਐਮਰਜੈਂਸੀ ਦੀ ਸਥਿਤੀ ਵਿੱਚ ਕਾਫੀ ਪਾਣੀ, ਸਾਬੁਣ, ਅਤੇ ਇੱਕ ਵਾਰ ਵਰਤਣ ਲਈ ਤੌਲੀਏ।
- ਕਾਫੀ ਪਾਣੀ, ਸਾਬੁਣ, ਅਤੇ ਸਾਫ਼ ਤੌਲੀਏ ਵਾਲੀ ਥਾਂ, ਜਿੱਥੇ ਤੁਸੀਂ ਆਪਣਾ ਕੰਮ ਖ਼ਤਮ ਹੋਣ 'ਤੇ ਆਪਣੇ ਕੱਪੜੇ ਬਦਲ ਸਕੋ ਅਤੇ ਹੱਥ-ਮੂੰਹ ਧੋ ਸਕੋ।
- ਤੁਹਾਡੇ ਕੀਟਨਾਸ਼ਕਾਂ ਨਾਲ ਕੰਮ ਕਰਨ ਦੇ ਸਮੇਂ ਤੁਹਾਡੇ ਲਈ ਆਪਣੇ ਕੱਪੜੇ ਸਾਂਭਣ ਲਈ ਇੱਕ ਸਾਫ਼ ਅਤੇ ਕੀਟਨਾਸ਼ਕ-ਮੁਕਤ ਥਾਂ।

ਸੁਰੱਖਿਆ ਸਬੰਧੀ ਸੁਝਾਅ
6

**ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਜਿੱਥੋ ਤੱਕ ਸੰਭਵ ਹੋ ਸਕੇ, ਤੁਹਾਡੇ ਸਰੀਰ ਤੇ MEPs ਦਾ ਅਸਰ ਘੱਟ ਤੋਂ ਘੱਟ ਹੋਵੇ।**

## ਕੀ ਕੋਈ ਅਜਿਹੇ ਵਿਸ਼ੇਸ਼ ਨਿਯਮ ਹਨ, ਜਿਨ੍ਹਾਂ ਦੀ ਜਾਣਕਾਰੀ ਮੈਨੂੰ ਹੋਣੀ ਚਾਹੀਦੀ ਹੈ?

- ਤੁਸੀਂ ਗ੍ਰੀਨਹਾਊਸ ਵਿੱਚ ਇਹਨਾਂ ਕਿਸੇ ਕੀਟਨਾਸ਼ਕਾਂ ਦਾ ਇਸਤੇਮਾਲ ਨਹੀਂ ਕਰ ਸਕਦੇ।
- ਜੇ ਤੁਸੀਂ ਬੰਦ ਮਿਸ਼ਰਣ ਪ੍ਰਣਾਲੀ, ਪਾਣੀ ਵਿੱਚ ਘੁਲਣਸ਼ੀਲ ਪੈਕੇਜਿੰਗ, ਜਾਂ ਕਿਸੇ ਬੰਦ ਗੱਡੀ ਦਾ ਇਸਤੇਮਾਲ ਕਰਦੇ ਹੋ, ਤਾਂ ਹੋ ਸਕਦਾ ਹੈ, ਤੁਹਾਨੂੰ ਲੇਬਲ ਜਾਂ ਹੋਰਾਂ ਨਿਯਮਾਂ ਦੇ ਅਨੁਸਾਰ PPE ਪਹਿਨਣ ਦੀ ਲੋੜ ਨਾ ਹੋਵੇ। ਉਪਕਰਨ ਅਤੇ PPE ਦੇ ਦੂਜੇ ਪ੍ਰਕਾਰਾਂ, ਜੋ ਤੁਸੀਂ ਪਹਿਨ ਸਕਦੇ ਹੋ, ਬਾਰੇ ਹੋਰ ਜਾਣਕਾਰੀ ਲਈ ਆਪਣੇ ਮਾਲਕ ਨੂੰ A-3 ਸੁਰੱਖਿਆ ਲੀਫ਼ਲੈਟ (ਪਰਚੇ) ਲਈ ਕਹੋ।
- ਤੁਹਾਨੂੰ ਅਤੇ ਤੁਹਾਡੇ ਮਾਲਕ ਨੂੰ ਇਹ ਨਿਰਧਾਰਤ ਕਰਨ ਲਈ ਕਿਹੜਾ ਰੈਸਪੀਰੇਟਰ ਪਹਿਨਣਾ ਹੈ, ਪਹਿਲਾਂ ਲੇਬਲ ਨੂੰ ਪੜ੍ਹਨਾ ਚਾਹੀਦਾ ਹੈ। ਜੇ ਲੇਬਲ ਤੇ ਨਹੀਂ ਲਿਖਿਆ ਹੋਇਆ ਹੈ, ਤਾਂ ਇਹ ਸਾਰਨੀ ਵਰਤੋ:

**ਘੱਟ ਐਕਸਪੋਜ਼ਰ ਵਾਲੇ ਕੀਟਨਾਸ਼ਕ ਰੈਸਪੀਰੇਟਰ ਦੀ ਲੋੜ**

| ਕੀਟਨਾਸ਼ਕ ਉਤਪਾਦਾਂ ਦੀਆਂ ਉਦਾਹਰਣਾਂ | ਰੈਸਪੀਰੇਟਰ ਦੀ ਘੱਟ ਲੋੜ |
|---|---|
| **ਮੌਕਸੀ, ਮਾਸਟਰੋ, ਕਲੀਨਸਵੀਪ** | ਕਣ ਫਿਲਟਰ (N-, R- ਜਾਂ P-ਰੇਟਡ)। R- ਜਾਂ P-ਰੇਟਡ ਫਿਲਟਰਾਂ ਦੀ ਵਰਤੋਂ ਤਾਂ ਹੀ ਕਰੋ ਜੇਕਰ ਕੀਟਨਾਸ਼ਕ ਮਿਸ਼ਰਣ ਵਿੱਚ ਤੇਲ ਹੋਵੇ। |
| **ਆਕਸੀਡੈਮੇਟਨ-ਮਿਥਾਇਲ (ਕੋਈ ਰਜਿਸਟਰਡ ਉਤਪਾਦ ਨਹੀਂ)** | ਆਰ- ਜਾਂ ਪੀ-ਰੇਟ ਦਿੱਤੇ ਹੋਏ ਪਾਰਟੀਕੁਲੇਟ ਫਿਲਟਰ ਦੇ ਨਾਲ ਜੈਵਿਕ ਵਾਸ਼ਪ ਕਾਰਟਰਿਜ |
| **ਓਮਾਈਟ, ਡੈਮੀਮਾਈਟ, ਕੋਮਾਈਟ** | ਜੈਵਿਕ ਭਾਫ਼ ਕਾਰਟ੍ਰੀਜ N-, R- ਜਾਂ P-ਰੇਟਡ ਕਣ ਫਿਲਟਰ ਦੇ ਨਾਲ। R- ਜਾਂ P-ਰੇਟਡ ਫਿਲਟਰਾਂ ਦੀ ਵਰਤੋਂ ਤਾਂ ਹੀ ਕਰੋ ਜੇਕਰ ਕੀਟਨਾਸ਼ਕ ਮਿਸ਼ਰਣ ਵਿੱਚ ਤੇਲ ਹੋਵੇ। |



ਜੇ ਤੁਹਾਨੂੰ ਆਪਣੀ ਟ੍ਰੇਨਿੰ ਗ ਵਿੱਚ ਲੋੜੀਂਦੀ ਸਾਰੀ ਜਾਣਕਾਰੀ ਨਹੀਂ ਮਿਲਦੀ ਜਾਂ ਤੁਸੀਂ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਬਾਰੇ ਸ਼ਿਕਾਇਤ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਹੋਰ ਜਾਣਕਾਰੀ ਲਈ ਆਪਣੇ ਕਾਉਂਟੀ ਦੇ ਐਗਰੀਕਲਚਰ ਕਮਿਸ਼ਨਰ ਜਾਂ ਡੀਪੀਆਰ ਨੂੰ ਫ਼ੋਨ ਕਰਨਾ ਚਾਹੀਦਾ ਹੈ। ਤੁਹਾਨੂੰ ਆਪਣੀ ਸਥਾਨਕ ਸਫੈਦ ਪੰਨਿਆਂ ਦੀ ਫੋਨ ਡਾਇਰੈਕਟਰੀ ਵਿੱਚ ਕਮਿਸ਼ਨਰ ਦਾ ਨੰਬਰ ਲੇਵੋ

https://www.cdfa.ca.gov/exec/county/countymap/

**ਡੀਪੀਆਰ ਦੇ ਖੇਤਰੀ ਦਫਤਰ ਹਨ:**
- **ਉੱਤਰੀ (ਵੈਸਟ ਸੈਕਰਾਮੈਂਟੋ) (916) 376-8960**
- **ਸੈਂਟਰਲ (ਕਲੋਇਸ) (559) 297-3511**
- **ਦੱਖਣੀ (ਐਨਾਹਾਇਮ) (714) 279-7690**

**ਕੀਟਨਾਸ਼ਕ ਬਾਰੇ ਸ਼ਿਕਾਇਤ ?**
**1-87PestLine**
**ਜਾਣਕਾਰੀ ਲਾਈਨ**
**1-877-378-5463**

ਸੁਰੱਖਿਆ ਸਬੰਧੀ ਲੀਫ਼ਲੈਟ (ਪਰਚੇ) ਇੱਥੇ ਉਪਲੱਬਧ ਹਨ:
www.cdpr.ca.gov/worker-health-and-safety/education-series

# ਕੀਟਨਾਸ਼ਕ ਸੁਰੱਖਿਆ

ਜਾਣਕਾਰੀ

ਕੈਲੀਫ਼ੋਰਨੀਆ ਦੇ ਵਾਤਾਵਰਣ ਦੀ ਸੁਰੱਖਿਆ ਬਾਰੇ ਏਜੰਸੀ

**A No. 7**

# ਕੀਟਨਾਸ਼ਕਾਂ ਨਾਲ ਕੰਮ ਕਰਨ ਵਾਲੇ ਕੱਪੜਿਆਂ ਨੂੰ ਧੋਣਾ

**ਜੇ ਤੁਸੀਂ ਫਸਲਾਂ ਦੇ ਆਲੇ-ਦੁਆਲੇ, ਕੀਟਨਾਸ਼ਕਾਂ ਦੇ ਨਾਲ, ਜਾਂ ਕੀਟਨਾਸ਼ਕ ਉਪਕਰਨ ਦੇ ਨਾਲ ਕੰਮ ਕਰਦੇ ਹੋ, ਤਾਂ ਤੁਹਾਡੇ ਕੰਮ ਕਰਨ ਵਾਲੇ ਕੱਪੜਿਆਂ 'ਤੇ ਕੀਟਨਾਸ਼ਕ ਲੱਗ ਸਕਦੇ ਹਨ।** ਤੁਹਾਡੇ 'ਤੇ ਵੀ ਕੀਟਨਾਸ਼ਕ ਪੈ ਸਕਦੇ ਹਨ, ਭਾਵੇਂ ਤੁਸੀਂ ਆਪਣੇ ਕੱਪੜਿਆਂ 'ਤੇ ਕਵਰਆਲ ਜਿਹੇ ਨਿੱਜੀ ਸੁਰੱਖਿਆ ਉਪਕਰਨ (PPE) ਪਾਏ ਹੋਣ। ਇਸ ਲੀਫ਼ਲੈਟ (ਪਰਚੇ) ਵਿੱਚ ਤੁਹਾਨੂੰ ਦੱਸਿਆ ਗਿਆ ਹੈ ਕਿ ਆਪਣੇ ਕੰਮ ਕਰਨ ਵਾਲੇ ਕੱਪੜਿਆਂ ਨੂੰ ਕਿਸ ਤਰ੍ਹਾਂ ਸਾਫ਼ ਕਰਨਾ ਹੈ। ਤੁਹਾਡੇ PPE ਨੂੰ ਸਾਫ਼ ਕਰਨਾ ਤੁਹਾਡੇ ਮਾਲਕ ਦਾ ਕੰਮ ਹੈ। ਇਨ੍ਹਾਂ ਹਿਦਾਇਤਾਂ ਦੀ ਪਾਲਣਾ ਕਰਨਾ ਤੁਹਾਡੀ ਅਤੇ ਤੁਹਾਡੇ ਪਰਿਵਾਰ ਦੀ ਕੀਟਨਾਸ਼ਕਾਂ ਤੋਂ ਸੁਰੱਖਿਆ ਕਰਨ ਵਿੱਚ ਮਦਦ ਕਰੇਗਾ।



## ਮੈਂ ਆਪਣੇ ਕੰਮ ਕਰਨ ਵਾਲੇ ਕੱਪੜਿਆਂ ਦੀ ਦੇਖਭਾਲ ਕਿਸ ਤਰ੍ਹਾਂ ਕਰਾਂ?

ਕੰਮ ਕਰਨ ਦੇ ਅਜਿਹੇ ਕੱਪੜੇ ਪਹਿਨੋ, ਜੋ ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ ਤੋਂ ਸੁਰੱਖਿਆ ਕਰਨ ਵਿੱਚ ਤੁਹਾਡੀ ਮਦਦ ਕਰਨ। ਇਸ ਵਿੱਚ ਲੰਮੀਆਂ ਬਾਹਾਂ ਦੀ ਕਮੀਜ਼, ਲੰਮੀਆਂ ਪੈਂਟਾਂ, ਜੁੱਤੀਆਂ, ਅਤੇ ਜੁਰਾਬਾਂ ਸ਼ਾਮਲ ਹਨ। ਤੁਹਾਡੇ ਮਾਲਕ ਤੋਂ ਮਿਲਣ ਵਾਲੀ ਤੁਹਾਡੀ ਟ੍ਰੇਨਿੰਗ ਤੁਹਾਨੂੰ ਇਹ ਜਾਣਨ ਵਿੱਚ ਮਦਦ ਕਰੇਗੀ ਕਿ ਕੰਮ 'ਤੇ ਕਿਹੜੀ ਜਗ੍ਹਾ ਤੇ ਤੁਹਾਨੂੰ ਕੀਟਨਾਸ਼ਕਾਂ ਦਾ ਅਸਰ ਹੋ ਸਕਦਾ ਹੈ। ਖੁਦ ਦੀ ਸੁਰੱਖਿਆ ਲਈ, ਹਰ ਰੋਜ਼ ਕੰਮ ਦੇ ਸਾਫ਼ ਕੱਪੜੇ ਪਹਿਨਣਾ ਜ਼ਰੂਰੀ ਹੈ।

ਕੰਮ ਖ਼ਤਮ ਹੋਣ 'ਤੇ ਜਾਣ ਤੋਂ ਪਹਿਲਾਂ, ਆਪਣੇ ਕੱਪੜੇ ਦੇਖੋ। ਜੇ ਤੁਹਾਡੇ ਕੱਪੜਿਆਂ, ਜੁੱਤੀਆਂ, ਬੂਟਾਂ ਤੇ ਕੀਟਨਾਸ਼ਕ ਪਾਊਡਰ, ਦਾਣੇ, ਜਾਂ ਖੁੱਲ੍ਹੀ ਧੂੜ ਲੱਗੀ ਹੋਈ ਹੈ, ਤਾਂ ਕੰਮ ਛੱਡਣ ਤੋਂ ਪਹਿਲਾਂ ਨੂੰ ਉਨ੍ਹਾਂ ਨੂੰ ਝਾੜ ਲਓ। ਆਪਣੇ ਕਫ ਅਤੇ ਜੇਬ੍ਹਾਂ ਵੱਲ ਖ਼ਾਸ ਧਿਆਨ ਦਿਓ।

## ਆਪਣੇ ਪਰਿਵਾਰ ਨੂੰ ਸੁਰੱਖਿਅਤ ਰੱਖਣਾ

ਜਦੋਂ ਤੁਸੀਂ ਆਪਣੀ ਕਾਰ ਵਿੱਚ ਜਾਂ ਘਰ ਵਿੱਚ ਜਾਓ, ਤਾਂ ਅੰਦਰ ਜਾਣ ਤੋਂ ਪਹਿਲਾਂ ਆਪਣੀਆਂ ਕੰਮ ਦੀਆਂ ਜੁੱਤੀਆਂ ਜਾਂ ਬੂਟ ਉਤਾਰ ਦਿਓ। ਤੁਹਾਡੇ ਕੰਮ ਦੀਆਂ ਜੁੱਤੀਆਂ ਅਤੇ ਬੂਟਾਂ ਤੇ ਕੀਟਨਾਸ਼ਕ ਲੱਗੇ ਹੋ ਸਕਦੇ ਹਨ, ਖ਼ਾਸ ਕਰਕੇ ਜੇ ਤੁਸੀਂ ਕੀਟਨਾਸ਼ਕਾਂ ਨਾਲ ਕੰਮ ਕਰਦੇ ਹੋ। ਆਪਣੇ ਕੰਮ ਵਾਲੀਆਂ ਜੁੱਤੀਆਂ ਜਾਂ ਬੂਟਾਂ ਨੂੰ ਆਪਣੇ ਘਰ ਤੋਂ ਬਾਹਰ ਉਤਾਰ ਦਿਓ।

ਜਦੋਂ ਤੁਸੀਂ ਘਰ ਆਓ, ਤਾਂ ਆਪਣੇ ਕੰਮ ਦੇ ਕੱਪੜਿਆਂ ਨੂੰ ਬਦਲ ਲਓ। ਆਪਣੇ ਕੰਮ ਦੇ ਕੱਪੜੇ (ਜੁਰਾਬਾਂ ਅਤੇ ਅੰਦਰੂਨੀ ਕੱਪੜਿਆਂ ਸਮੇਤ) ਬਾਕੀ ਕੱਪੜਿਆਂ ਤੋਂ ਵੱਖਰੇ ਰੱਖੋ। ਤੁਸੀਂ ਪਰਿਵਾਰ ਅਤੇ ਪਾਲਤੂ ਜਾਨਵਰਾਂ ਨੂੰ ਉਨ੍ਹਾਂ ਨੂੰ ਛੂਹਣ ਤੋਂ ਬਚਾਉਣ ਲਈ ਆਪਣੇ ਘਰ ਦੇ ਬਾਹਰ ਪਲਾਸਟਿਕ ਦੇ ਇੱਕ ਬੰਦ ਬੈਗ ਵਿੱਚ ਕੱਪੜੇ ਪਾ ਕੇ ਇਹ ਕਰ ਸਕਦੇ ਹੋ।

## ਸੁਝਾਅ

- **ਰਬੜ ਦੇ ਦਸਤਾਨੇ ਪਾਓ।**
- **ਕੰਮ ਵਾਲੇ ਕਪੜਿਆਂ (ਜੁਰਾਬਾਂ ਅਤੇ ਅੰਡਰਵੀਅਰ-ਬਨਿਆਨ ਸਮੇਤ) ਨੂੰ ਬਾਕੀ ਦੇ ਮੈਲੇ ਕਪੜਿਆਂ ਤੋਂ ਵੱਖ ਰੱਖੋ।**
- **ਪਹਿਲਾਂ ਭਿਓਂ ਕੇ ਰੱਖਣ ਵਾਲਾ ਤਰੀਕਾ ਜਾਂ ਦੋ ਵਾਰੀ ਧੋਣ ਦਾ ਤਰੀਕਾ ਇਸਤੇਮਾਲ ਕਰੋ।**
- **ਵੱਧ ਤੋਂ ਵੱਧ ਪਾਣੀ ਦੀ ਵਰਤੋਂ ਕਰੋ।**
- **ਬਹੁਤ ਗਰਮ ਪਾਣੀ ਵਿੱਚ, ਚੰਗੀ ਤਰ੍ਹਾਂ ਧੋਵੋ।**
- **ਅਸਰਦਾਰ ਡਿਟਰਜੈਂਟ ਵਰਤੋ।**
- **ਜੇ ਸੰਭਵ ਹੋਵੇ, ਤਾਂ ਕੱਪੜਿਆਂ ਨੂੰ ਬਾਹਰ ਤਾਰ 'ਤੇ ਸੁਕਾਓ।**
- **ਵਾਸ਼ਿੰਗ ਮਸ਼ੀਨ ਨੂੰ ਬਿਨਾਂ ਕੱਪੜਿਆਂ ਦੇ ਚਲਾਕੇ ਸਾਫ਼ ਕਰੋ।**

ਜਦੋਂ ਤੱਕ ਤੁਸੀਂ ਕੰਮ ਦੇ ਕੱਪੜੇ ਨਹੀਂ ਬਦਲ ਲੈਂਦੇ, ਨਹਾ ਜਾਂ ਇਸ਼ਨਾਨ ਨਹੀਂ ਕਰ ਲੈਂਦੇ, ਆਪਣੇ ਵਾਲ ਨਹੀਂ ਧੋ ਲੈਂਦੇ ਅਤੇ ਸਾਫ਼ ਕੱਪੜੇ ਨਹੀਂ ਪਹਿਨ ਲੈਂਦੇ, ਉਦੋਂ ਤੱਕ ਆਪਣੇ ਪਰਿਵਾਰ ਨੂੰ ਗਲੇ ਨਾ ਲਗਾਓ ਜਾਂ ਛੂਹੋ ਨਾ। ਆਪਣੇ ਪਰਿਵਾਰ ਦੀ ਕੀਟਨਾਸ਼ਕਾਂ ਤੋਂ ਸੁਰੱਖਿਆ ਲਈ ਇਹ ਜ਼ਰੂਰੀ ਹੈ।

## ਆਪਣੇ ਕੰਮ ਦੇ ਕੱਪੜਿਆਂ ਨੂੰ ਧੋਣਾ

ਜਿੰਨੀ ਜਲਦੀ ਹੋ ਸਕੇ, ਆਪਣੇ ਕੰਮ ਦੇ ਕੱਪੜਿਆਂ ਨੂੰ ਧੋਵੋ, ਜਿਹਨਾਂ 'ਤੇ ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ ਲੱਗੀ ਹੋ ਸਕਦੀ ਹੈ। ਹਰ ਰੋਜ਼ ਆਪਣੇ ਕੰਮ ਦੇ ਕੱਪੜੇ ਧੋਣਾ ਬਿਹਤਰ ਹੈ। ਜਿੰਨੀ ਜ਼ਿਆਦਾ ਦੇਰ ਕਰੋਗੇ, ਕੀਟਨਾਸ਼ਕਾਂ ਨੂੰ ਸਾਫ਼ ਕਰਨਾ ਓਨਾ ਹੀ ਵੱਧ ਮੁਸ਼ਕਲ ਹੋਵੇਗਾ। ਦੁਬਾਰਾ ਪਹਿਨਣ ਤੋਂ ਪਹਿਲਾਂ ਆਪਣੇ ਕੰਮ ਦੇ ਕੱਪੜੇ ਧੋਣਾ ਜ਼ਰੂਰੀ ਹੈ। ਜੇ ਤੁਸੀਂ ਇਹ ਕੱਪੜੇ ਪਾਈ ਰੱਖਦੇ ਹੋ, ਤਾਂ ਉਨ੍ਹਾਂ 'ਤੇ ਹੋਰ ਕੀਟਨਾਸ਼ਕ ਪੈ ਜਾਣਗੇ। ਤੁਹਾਡੇ ਕੱਪੜਿਆਂ ਤੋਂ ਕੀਟਨਾਸ਼ਕ ਤੁਹਾਡੀ ਚਮੜੀ ਰਾਹੀਂ ਤੁਹਾਡੇ ਸਰੀਰ ਦੇ ਅੰਦਰ ਜਾ ਸਕਦੇ ਹਨ ਅਤੇ ਤੁਹਾਨੂੰ ਬੀਮਾਰ ਕਰ ਸਕਦੇ ਹਨ।

ਆਪਣੇ ਕੱਪੜੇ ਧਵਾਉਣ ਤੋਂ ਪਹਿਲਾਂ, ਜਿਹੜਾ ਵਿਅਕਤੀ ਘਰ ਵਿੱਚ ਕੱਪੜੇ ਧੋਣ ਆਉਂਦਾ ਹੈ, ਉਸਨੂੰ ਦੱਸ ਦਿਓ ਕਿ ਤੁਹਾਡੇ ਕੱਪੜਿਆਂ 'ਤੇ ਕੀਟਨਾਸ਼ਕ ਲੱਗਿਆ ਹੋਇਆ ਹੋ ਸਕਦਾ ਹੈ। ਉਨਾਂ ਨੂੰ ਸਮਝਾਓ ਕਿ ਉਨ੍ਹਾਂ ਨੂੰ ਕਿਵੇਂ ਧੋਣਾ ਹੈ।

ਤੁਸੀਂ ਚਮੜੇ ਦੀਆਂ ਚੀਜ਼ਾਂ, ਜਿਵੇਂ ਕਿ ਘੜੀ ਦੇ ਪੱਟਿਆਂ, ਬੈਲਟਾਂ, ਅਤੇ ਬੂਟਾਂ ਤੋਂ ਸਾਰੇ ਕੀਟਨਾਸ਼ਕ ਨਹੀਂ ਹਟਾ ਸਕਦੇ। ਜੇ ਇਨ੍ਹਾਂ 'ਤੇ ਕੀਟਨਾਸ਼ਕ ਹੋਣ ਤਾਂ ਤੁਹਾਨੂੰ ਇਨ੍ਹਾਂ ਨੂੰ ਸੁੱਟ ਦੇਣਾ ਚਾਹੀਦਾ ਹੈ। ਜੇ ਤੁਸੀਂ ਇਨ੍ਹਾਂ ਨੂੰ ਦੁਬਾਰਾ ਪਹਿਨਦੇ ਹੋ, ਤਾਂ ਕੀਟਨਾਸ਼ਕ ਤੁਹਾਡੀ ਚਮੜੀ ਰਾਹੀਂ ਤੁਹਾਡੇ ਸਰੀਰ ਅੰਦਰ ਜਾ ਸਕਦੇ ਹਨ।

ਕੀਟਨਾਸ਼ਕਾਂ ਨਾਲ ਭਿੱਜੇ ਕੱਪੜਿਆਂ ਨੂੰ ਸੁੱਟ ਦਿਓ। ਉਨ੍ਹਾਂ ਨੂੰ ਸਾਫ਼ ਕਰਨ ਦੀ ਕੋਸ਼ਿਸ਼ ਨਾ ਕਰੋ।

### ਜਦੋਂ ਤੁਸੀਂ ਆਪਣੇ ਕੱਪੜੇ ਧੋਂਦੇ ਹੋ:

- ਆਪਣੇ ਕੰਮ ਦੇ ਕੱਪੜਿਆਂ ਨੂੰ ਘਰ ਦੇ ਹੋਰ ਮੈਲੇ ਕੱਪੜਿਆਂ ਵਿੱਚ ਨਾ ਰਲਾਓ। ਉਨ੍ਹਾਂ ਨੂੰ ਵੱਖਰੇ ਕਰਕੇ ਧੋਣਾ ਚਾਹੀਦਾ ਹੈ, ਨਹੀਂ ਤਾਂ ਕੀਟਨਾਸ਼ਕ ਤੁਹਾਡੇ ਪਰਿਵਾਰ ਦੇ ਕੱਪੜਿਆਂ 'ਤੇ ਵੀ ਆ ਸਕਦੇ ਹਨ ਅਤੇ ਉਨ੍ਹਾਂ ਨੂੰ ਬੀਮਾਰ ਕਰ ਸਕਦੇ ਹਨ।
- ਗੰਦੇ ਕੱਪੜਿਆਂ ਨੂੰ ਰਬੜ ਦੇ ਦਸਤਾਨਿਆਂ ਨਾਲ ਛੂਹੋ। ਕੱਪੜਿਆਂ ਨੂੰ ਛੂਹੇ ਬਿਨਾਂ ਪਲਾਸਟਿਕ ਬੈਗ ਤੋਂ ਸਿੱਧਾ ਵਾਸ਼ਿੰਗ ਮਸ਼ੀਨ ਵਿੱਚ ਪਾਉਣ ਦੀ ਕੋਸ਼ਿਸ਼ ਕਰੋ। ਫਿਰ ਦਸਤਾਨਿਆਂ ਨੂੰ ਧੋਵੋ, ਉਨ੍ਹਾਂ ਨੂੰ ਉਤਾਰ ਦਿਓ, ਅਤੇ ਫਿਰ ਸੁੱਟ ਦਿਓ, ਜੇ ਉਹ ਇੱਕ ਵਾਰੀ ਪਾ ਕੇ ਨਿਪਟਾਰਾ ਕਰਨ ਵਾਲੇ ਹਨ। ਫਿਰ ਆਪਣੀਆਂ ਬਾਹਾਂ ਅਤੇ ਹੱਥ ਧੋਵੋ।
- ਡਿਟਰਜੈਂਟ ਦੀ ਮੈਲੇ ਕੱਪੜਿਆਂ ਨੂੰ ਧੋਣ ਲਈ ਸਿਫ਼ਾਰਿਸ਼ ਕੀਤੀ ਵੱਧ ਤੋਂ ਵੱਧ ਮਾਤਰਾ ਵਰਤੋ।
- ਵਾਸ਼ਿੰਗ ਮਸ਼ੀਨ ਵਿੱਚ ਇੱਕ ਵੇਲੇ ਥੋੜ੍ਹੇ ਕੱਪੜੇ ਪਾਓ।
- ਪਹਿਲਾਂ ਖੰਗਾਲੋ, ਪਹਿਲਾਂ ਭਿਓਂ ਕੇ ਰੱਖੋ, ਜਾਂ ਦੋ ਵਾਰੀ ਮਸ਼ੀਨ ਵਿੱਚ ਚਲਾਓ।
- ਬਹੁਤ ਸਾਰੇ ਗਰਮ ਪਾਣੀ ਅਤੇ ਅਸਰਦਾਰ ਡਿਟਰਜੈਂਟ ਨਾਲ ਬਹੁਤ ਦੇਰ ਤੱਕ (ਘੱਟੋ ਘੱਟ 12 ਮਿੰਟਾਂ ਤੱਕ) ਧੋਵੋ। ਠੰਡੇ ਪਾਣੀ ਨਾਲ ਕੀਟਨਾਸ਼ਕ ਨਹੀਂ ਨਿੱਕਲਣਗੇ।
- ਫੈਬਰਿਕ ਸੌਫਟਨਰ, ਬਲੀਚ ਅਤੇ ਅਮੋਨੀਆ ਨਾਲ ਕੀਟਨਾਸ਼ਕ ਨਹੀਂ ਨਿੱਕਲਦੇ। ਬਲੀਚ ਅਤੇ ਅਮੋਨੀਆ ਨੂੰ ਕਦੇ ਵੀ ਰਲਾਓ ਨਾ। ਇਹ ਜ਼ਹਿਰੀਲੀਆਂ ਗੈਸਾਂ ਬਣਾਉਂਦਾ ਹੈ, ਜਿਸ ਨਾਲ ਤੁਸੀਂ ਬਹੁਤ ਜ਼ਿਆਦਾ ਬੀਮਾਰ ਹੋ ਸਕਦੇ ਹੋ।

### ਆਪਣੇ ਕੱਪੜੇ ਧੋਣ ਤੋਂ ਬਾਅਦ:

- ਆਪਣੇ ਪਰਿਵਾਰ ਦੇ ਕੱਪੜਿਆਂ ਲਈ ਵਾਸ਼ਿੰਗ ਮਸ਼ੀਨ ਦਾ ਦੁਬਾਰਾ ਇਸਤੇਮਾਲ ਕਰਨ ਤੋਂ ਪਹਿਲਾਂ ਉਸਨੂੰ ਬਿਨਾਂ ਕੱਪੜਿਆਂ ਦੇ—ਸਿਰਫ਼ ਗਰਮ ਪਾਣੀ ਅਤੇ ਡਿਟਰਜੈਂਟ ਨਾਲ ਚਲਾ ਕੇ ਚੰਗੀ ਤਰ੍ਹਾਂ ਸਾਫ਼ ਕਰੋ।
- ਜੇ ਸੰਭਵ ਹੋਵੇ, ਤਾਂ ਆਪਣੇ ਕੱਪੜੇ ਬਾਹਰ ਤਾਰ 'ਤੇ ਹੀ ਸੁਕਾਓ। ਜੇ ਕੋਈ ਕੀਟਨਾਸ਼ਕ ਰਹਿ ਗਏ ਹਨ ਤਾਂ ਧੁੱਪ ਨਾਲ ਉਨ੍ਹਾਂ ਨੂੰ ਹਟਾਉਣ ਵਿੱਚ ਮਦਦ ਮਿਲੇਗੀ ਅਤੇ ਉਨ੍ਹਾਂ ਨੂੰ ਡਰਾਇਰ ਵਿੱਚ ਰਹਿਣ ਤੋਂ ਬਚਾਓ।

**ਸੁਰੱਖਿਆ ਸਬੰਧੀ ਸੁਝਾਅ 7**

**ਕੀਟਨਾਸ਼ਕ ਲੱਗੇ ਕੱਪੜਿਆਂ ਹੋਰ ਮੈਲੇ ਕੱਪੜਿਆਂ ਨਾਲ ਨਾ ਰਲਾਓ। ਉਹਨਾਂ ਨੂੰ ਬਿਲਕੁੱਲ ਵੱਖਰੇ ਧੋਣਾ ਜ਼ਰੂਰੀ ਹੈ।**



- ਜੇ ਤੁਸੀਂ ਡਰਾਇਰ ਵਿੱਚ ਕੱਪੜੇ ਸੁਕਾਉਂਦੇ ਹੋ, ਤਾਂ ਓਨੀ ਦੇਰ ਤੱਕ, ਜਦੋਂ ਤੱਕ ਕੱਪੜੇ ਪੂਰੀ ਤਰ੍ਹਾਂ ਸੁੱਕ ਨਹੀਂ ਜਾਂਦੇ, ਇਸਨੂੰ ਸਭ ਤੋਂ ਗਰਮ ਸੈਟਿੰਗ ਵਿੱਚ, ਜਿੰਨੀ ਤੁਹਾਡੇ ਕੱਪੜੇ ਸਹਿਨ ਕਰ ਸਕਦੇ ਹਨ, 'ਤੇ ਚਲਾਓ। ਫਿਰ, ਖਾਲੀ ਡਰਾਇਰ ਨੂੰ 10 ਮਿੰਟਾਂ ਤੱਕ ਚਲਾਓ। ਕੰਮ ਦੇ ਧੋਤੇ ਕੱਪੜਿਆਂ ਨੂੰ ਦੂਜੇ ਕੱਪੜਿਆਂ ਨਾਲ ਨਾ ਰਲਾਓ।

## ਜੇ ਮੇਰੇ ਕੱਪੜਿਆਂ 'ਤੇ ਕੀਟਨਾਸ਼ਕ ਡੁੱਲ੍ਹ ਜਾਏ ਤਾਂ ਕੀ ਹੁੰਦਾ ਹੈ?

ਜੇ ਤੁਹਾਡੇ ਕੱਪੜਿਆਂ 'ਤੇ ਕੀਟਨਾਸ਼ਕ ਡੁੱਲ੍ਹ ਗਿਆ ਹੈ, ਤਾਂ ਉਨ੍ਹਾਂ ਨੂੰ ਫੌਰਨ ਉਤਾਰ ਦਿਓ। ਜੇ ਕੀਟਨਾਸ਼ਕ ਸੰਘਣੇ ਰੂਪ ਵਿੱਚ (ਪਾਣੀ ਵਿੱਚ ਰਲਾਣ ਤੋਂ ਬਿਨਾਂ) ਵਿੱਚ ਡੁੱਲ੍ਹ ਗਿਆ ਹੈ, ਤਾਂ ਕੱਪੜਿਆਂ ਨੂੰ ਸਾਫ਼ ਕਰਨ ਦੀ ਕੋਸ਼ਿਸ਼ ਨਾ ਕਰੋ। ਤੁਹਾਨੂੰ ਇਨ੍ਹਾਂ ਨੂੰ ਸੁੱਟਣਾ ਜ਼ਰੂਰੀ ਹੈ। ਇਹ ਕੰਮ ਕਰਨ ਲਈ ਸਟੇਟ ਦੇ ਅਤੇ ਸਥਾਨਕ ਨਿਯਮਾਂ ਦੀ ਪਾਲਣਾ ਕਰੋ (ਇਸ ਬਾਰੇ ਆਪਣੇ ਮਾਲਕ ਨੂੰ ਪੁੱਛੋ)।

## ਨਿੱਜੀ ਸੁਰੱਖਿਆ ਉਪਕਰਨ (PPE) ਨੂੰ ਕਿਸ ਤਰ੍ਹਾਂ ਸਾਫ਼ ਕੀਤਾ ਜਾਏ?

PPE ਤੁਹਾਡੇ ਮਾਲਕ ਦੀ ਪ੍ਰਾਪਰਟੀ ਹੈ। ਇਹ ਯਕੀਨੀ ਬਣਾਉਣਾ ਤੁਹਾਡੇ ਮਾਲਕ ਦੀ ਜ਼ਿੰਮੇਵਾਰੀ ਹੈ ਕਿ ਦੁਬਾਰਾ ਇਸਤੇਮਾਲ ਕੀਤੇ ਜਾਣ ਵਾਲੇ ਕਵਰਆਲ ਅਤੇ ਹੋਰ PPE ਇਸਤੇਮਾਲ ਤੋਂ ਬਾਅਦ ਸਾਫ਼ ਕੀਤੇ ਜਾਂਦੇ ਹਨ। ਤੁਹਾਡਾ ਮਾਲਕ ਤੁਹਾਨੂੰ ਟ੍ਰੇਨਿੰਗ ਦੇ ਸਕਦਾ ਹੈ ਕਿ ਕੰਮ 'ਤੇ PPE ਕਿਵੇਂ ਸਾਫ਼ ਕਰਨੇ ਹਨ। **ਕਦੇ ਵੀ** PPE ਨੂੰ ਧੋਣ ਲਈ ਘਰ ਨਾ ਲੈ ਕੇ ਜਾਓ।

ਜੇ ਤੁਸੀਂ ਕੀਟਨਾਸ਼ਕ ਰਲਾਉਂਦੇ, ਲੱਦਦੇ, ਜਾਂ ਇਸਤੇਮਾਲ ਕਰਦੇ ਹੋ, ਤਾਂ ਤੁਹਾਡੇ ਨੂੰ ਤੁਹਾਨੂੰ ਇੱਕ ਸਾਫ਼, ਕੀਟਨਾਸ਼ਕ-ਮੁਕਤ ਜਗ੍ਹਾ ਮੁਹੱਈਆ ਕਰਨੀ ਚਾਹੀਦੀ ਹੈ, ਜਿੱਥੇ ਤੁਸੀਂ ਕੀਟਨਾਸ਼ਕਾਂ ਨਾਲ ਕੰਮ ਕਰਦੇ ਸਮੇਂ ਆਪਣੇ ਨਿੱਜੀ ਕੱਪੜੇ ਸਾਂਭ ਸਕੋ, ਆਪਣਾ ਕੰਮ ਖ਼ਤਮ ਕਰਨ ਤੋਂ ਬਾਅਦ PPE ਉਤਾਰ ਸਕੋ, ਨਹਾ ਸਕੋ ਅਤੇ ਕੱਪੜੇ ਬਦਲ ਸਕੋ। **ਕਦੇ ਵੀ** ਉਹ PPE ਘਰ ਨਾ ਲੈ ਕੇ ਜਾਓ, ਜਿਸ 'ਤੇ ਕੀਟਨਾਸ਼ਕ ਲੱਗਿਆ ਹੋ ਸਕਦਾ ਹੈ।

**ਜੇ ਤੁਸੀਂ ਕੰਮ ਖ਼ਤਮ ਕਰਨ ਦੇ ਬਾਅਦ ਮਾਲਕ ਦੇ ਹੈਡਕੁਆਰਟਰ ਨਹੀਂ ਜਾਂਦੇ,** ਤਾਂ ਤੁਹਾਨੂੰ ਆਪਣੇ ਕਵਰਆਲ ਉਤਾਰ ਕੇ ਉਨ੍ਹਾਂ ਨੂੰ ਆਪਣੇ ਘਰੋਂ ਬਾਹਰ, ਰੁਜ਼ਗਾਰਦਾਤਾ ਵੱਲੋਂ ਦਿੱਤੇ ਗਏ ਡੱਬੇ ਵਿੱਚ ਪਾਉਣਾ ਲਾਜ਼ਮੀ ਹੈ (ਇੱਕ ਪਲਾਸਟਿਕ ਦਾ ਬੈਗ ਜਾਂ ਢੱਕਣ ਵਾਲੀ 5 ਗੈਲਨ ਦੀ ਬਾਲਟੀ ਠੀਕ ਰਹੇਗੀ)।



ਜੇ ਤੁਹਾਨੂੰ ਆਪਣੀ ਟ੍ਰੇਨਿੰ ਗ ਵਿੱਚ ਲੋੜੀਂਦੀ ਸਾਰੀ ਜਾਣਕਾਰੀ ਨਹੀਂ ਮਿਲਦੀ ਜਾਂ ਤੁਸੀਂ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਬਾਰੇ ਸ਼ਿਕਾਇਤ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਹੋਰ ਜਾਣਕਾਰੀ ਲਈ ਆਪਣੇ ਕਾਉਂਟੀ ਦੇ ਐਗਰੀਕਲਚਰ ਕਮਿਸ਼ਨਰ ਜਾਂ ਡੀਪੀਆਰ ਨੂੰ ਫ਼ੋਨ ਕਰਨਾ ਚਾਹੀਦਾ ਹੈ। ਤੁਹਾਨੂੰ ਆਪਣੀ ਸਥਾਨਕ ਸਫੈਦ ਪੰਨਿਆਂ ਦੀਂ ਫੋਨ ਡਾਇਰੈਕਟਰੀ ਵਿੱਚ ਕਮਿਸ਼ਨਰ ਦਾ ਨੰਬਰ ਲੇਵੋ
https://www.cdfa.ca.gov/exec/county/countymap/

**ਡੀਪੀਆਰ ਦੇ ਖੇਤਰੀ ਦਫਤਰ ਹਨ:**
- **ਉੱਤਰੀ (ਵੈਸਟ ਸੈਕਰਾਮੈਂਟੋ) (916) 376-8960**
- **ਸੈਂਟਰਲ (ਕਲੋਇਸ) (559) 297-3511**
- **ਦੱਖਣੀ (ਐਨਾਹਾਇਮ) (714) 279-7690**

ਕੀਟਨਾਸ਼ਕ ਬਾਰੇ ਸ਼ਿਕਾਇਤ ?
**1-87PestLine**
ਜਾਣਕਾਰੀ ਲਾਈਨ
1-877-378-5463

ਸੁਰੱਖਿਆ ਸਬੰਧੀ ਲੀਫ਼ਲੈਟ (ਪਰਚੇ) ਇੱਥੇ ਉਪਲੱਬਧ ਹਨ:
www.cdpr.ca.gov/worker-health-and-safety/education-series

# ਖੇਤੀਬਾੜੀ ਖੇਤਰਾਂ ਵਿੱਚ ਕੀਟਨਾਸ਼ਕਾਂ ਨੂੰ ਸੰਭਾਲਣ ਵਾਲੇ ਕਰਮਚਾਰੀਆਂ ਲਈ ਸੁਰੱਖਿਆ ਨਿਯਮ



**ਕੀਟਨਾਸ਼ਕ ਲੇਬਲ, ਤੁਹਾਡੀ ਟ੍ਰੇਨਿੰਗ, ਅਤੇ ਕੀਟਨਾਸ਼ਕ ਸੁਰੱਖਿਆ ਜਾਣਕਾਰੀ ਲੜੀ (PSIS) ਲੀਫ਼ਲੈਟ (ਪਰਚੇ) ਰਾਹੀਂ, ਤੁਹਾਨੂੰ ਕੰਮ ਕਰਨ ਦੀ ਥਾਂ 'ਤੇ ਕੀਟਨਾਸ਼ਕ ਖ਼ਤਰਿਆਂ ਬਾਰੇ ਜਾਣਕਾਰੀ ਮਿਲਦੀ ਹੈ।** ਖੇਤੀ (ਖੇਤਾਂ, ਜੰਗਲਾਂ, ਨਰਸਰੀਆਂ ਜਾਂ ਗ੍ਰੀਨਹਾਊਸਾਂ ਵਿੱਚ) ਕੀਟਨਾਸ਼ਕਾਂ ਨਾਲ ਕੰਮ ਕਰਨ ਲਈ ਤੁਹਾਡੀ ਉਮਰ ਘੱਟੋ ਘੱਟ 18 ਸਾਲ ਹੋਣੀ ਜ਼ਰੂਰੀ ਹੈ।

ਤੁਹਾਡੇ ਮਾਲਕ ਲਈ ਤੁਹਾਨੂੰ ਇਹ ਦੱਸਣਾ ਜ਼ਰੂਰੀ ਹੈ ਕਿ ਕੀਟਨਾਸ਼ਕਾਂ ਨੂੰ ਸੁਰੱਖਿਅਤ ਢੰਗ ਨਾਲ ਕਿਸ ਤਰ੍ਹਾਂ ਇਸਤੇਮਾਲ ਕਰਨਾ ਹੈ ਅਤੇ ਜਦੋਂ ਤੁਸੀਂ ਇਨ੍ਹਾਂ ਨੂੰ ਇਸਤੇਮਾਲ ਕਰੋ, ਤਾਂ ਆਪਣੀ ਸੁਰੱਖਿਆ ਕਿਸ ਤਰ੍ਹਾਂ ਕਰਨੀ ਹੈ। ਕੀਟਟਨਾਸ਼ਕ ਉਹ ਰਸਾਇਣ ਹਨ, ਜਿਨ੍ਹਾਂ ਦੀ ਵਰਤੋਂ ਇਨ੍ਹਾਂ ਕੀੜਿਆਂ ਨੂੰ ਕੰਟਰੋਲ ਕਰਨ ਲਈ ਕੀਤੀ ਜਾਂਦੀ ਹੈ: ਵਾਧੂ ਕੀਟ, ਸ਼ਿਕਾਰਖੋਰ ਜਾਨਵਰ, ਕੁਤਰਨ ਵਾਲੇ ਜੀਵ, ਨਦੀਨ, ਅਤੇ ਪੌਦਿਆਂ ਦੀਆਂ ਬੀਮਾਰੀਆਂ। ਛਿੜਕਾਅ ਵਿੱਚ ਸਹਾਇਕ ਵੀ ਕੈਲੀਫ਼ੋਰਨੀਆ ਕਨੂੰਨ ਦੇ ਅਧੀਨ ਕੀਟਨਾਸ਼ਕ ਹਨ।

## ਐਮਰਜੈਂਸੀ ਮੈਡੀਕਲ ਦੇਖਭਾਲ

ਤੁਹਾਡੇ ਮਾਲਕ ਨੂੰ ਕੀਟਨਾਸ਼ਕਾਂ ਨਾਲ ਤੁਹਾਡਾ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਐਮਰਜੈਂਸੀ ਮੈਡੀਕਲ ਦੇਖਭਾਲ ਲਈ ਯੋਜਨਾਵਾਂ ਬਣਾਉਣੀਆਂ ਚਾਹੀਦੀਆਂ ਹਨ। ਜੇ ਤੁਸੀਂ ਸੋਚਦੇ ਹੋ ਕਿ ਕੀਟਨਾਸ਼ਕ ਨਾਲ ਕੰਮ ਕਰਨ ਨਾਲ ਤੁਸੀਂ ਬੀਮਾਰ ਜਾਂ ਜ਼ਖਮੀ ਹੋਏ ਹੋ, ਤਾਂ ਫੌਰਨ ਆਪਣੇ ਮਾਲਕ ਨੂੰ ਦੱਸੋ। ਉਨ੍ਹਾਂ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਤੁਹਾਨੂੰ ਫੌਰਨ ਇੱਕ ਡਾਕਟਰ ਕੋਲ ਲਿਜਾਇਆ ਜਾਏ। **ਆਪਣੇ ਆਪ ਕਦੀ ਨਾ ਜਾਓ**।

ਐਮਰਜੈਂਸੀ ਮੈਡੀਕਲ ਦੇਖਭਾਲ ਇੱਥੇ ਉਪਲਬਧ ਹੈ:

ਨਾਮ: ____________________

ਪਤਾ: ____________________

ਟੇਲੀਫ਼ੋਨ: ____________________

ਜੇ ਹੋਰ ਥਾਂ ਦੀ ਲੋੜ ਹੈ, ਤਾਂ ਤੁਹਾਡਾ ਮਾਲਕ ਇਸ ਲੀਫ਼ਲੈਟ ਨਾਲ ਮੈਡੀਕਲ ਸਹੂਲਤਾਂ ਦੀ ਸੂਚੀ ਵੀ ਨੱਥੀ ਕਰ ਸਕਦਾ ਹੈ ਅਤੇ ਲਿਖ ਸਕਦਾ ਹੈ, ਉੱਪਰ ਦਿੱਤੀ ਥਾਂ ਵਿੱਚ "ਨੱਥੀ ਕੀਤੀ ਸੂਚੀ ਦੇਖੋ"। ਜੇ ਇਸ ਜਾਣਕਾਰੀ ਵਿੱਚ ਤਬਦੀਲੀ ਹੁੰਦੀ ਹੈ, ਤਾਂ ਤੁਹਾਡੇ ਮਾਲਕ ਲਈ ਇਸਨੂੰ 24 ਘੰਟਿਆਂ ਦੇ ਅੰਦਰ ਅੱਪਡੇਟ ਕਰਨਾ ਜ਼ਰੂਰੀ ਹੈ।

**ਯਾਦ ਰੱਖੋ**: ਜੇ ਤੁਸੀਂ ਕੰਮ 'ਤੇ ਕੀਟਨਾਸ਼ਕਾਂ ਨਾਲ ਬੀਮਾਰ ਜਾਂ ਜ਼ਖ਼ਮੀ ਹੋਏ ਹੋ, ਤਾਂ ਤੁਹਾਨੂੰ ਮੈਡੀਕਲ ਦੇਖਭਾਲ ਲਈ ਕੋਈ ਰਕਮ ਅਦਾ ਨਹੀਂ ਕਰਨੀ ਚਾਹੀਦੀ।

**ਮਾਲਕ**: ਕੀਟਨਾਸ਼ਕ ਹੈਂਡਲਰਾਂ ਲਈ ਇਹ ਖ਼ਤਰਿਆਂ ਬਾਰੇ ਸੂਚਨਾ ਦਾ ਲੀਫ਼ਲੈਟ (ਪਰਚਾ) ਹੈ। ਇਸ ਲੀਫ਼ਲੈਟ ਵਿੱਚ ਖਾਲੀ ਛੱਡੀ ਥਾਂ ਨੂੰ ਭਰੋ ਅਤੇ ਮੁਲਾਜ਼ਮਾਂ ਦੇ ਕੰਮ ਦੀ ਜਗ੍ਹਾ 'ਤੇ ਕੇਂਦਰ ਸਥਾਨ 'ਤੇ ਇਸ ਇਸ਼ਤਿਹਾਰ ਨੂੰ ਲਾ ਦਿਓ (ਜਿਵੇਂ ਮੁਲਾਜ਼ਮਾਂ ਦਾ ਬ੍ਰੇਕ ਕਮਰਾ)। ਇਹ ਲੀਫ਼ਲੈਟ ਸਾਰੀਆਂ ਸਥਾਈ ਸ਼ੁਧੀਕਰਨ ਸਹੂਲਤਾਂ ਅਤੇ 11 ਜਾਂ ਵੱਧ ਹੈਂਡਲਰਾਂ ਵਾਲੀਆਂ ਸ਼ੁਧੀਕਰਨ ਸਹੂਲਤਾਂ 'ਤੇ ਵੀ ਲਗਾਇਆ ਜਾਣਾ ਜ਼ਰੂਰੀ ਹੈ। ਜੇ ਬੇਨਤੀ ਕੀਤੀ ਗਈ ਹੈ, ਤਾਂ ਤੁਹਾਡਾ ਉਸ ਭਾਸ਼ਾ ਵਿੱਚ ਮੁਲਾਜ਼ਮ ਨੂੰ ਇਹ ਲੀਫ਼ਲੈਟ ਪੜ੍ਹ ਕੇ ਸੁਣਾਉਣਾ ਜ਼ਰੂਰੀ ਹੈ, ਜੋ ਉਹ ਸਮਝਦਾ ਹੈ।

# ਮੇਰੇ ਹੱਕ ਕੀ ਹਨ?

ਤੁਹਾਡੇ ਮਾਲਕ ਨੂੰ, ਤੁਹਾਡੇ ਹੱਕ ਤੁਹਾਨੂੰ ਸਪਸ਼ਟ ਕਰਨੇ ਚਾਹੀਦੇ ਹਨ। ਜੇ ਤੁਹਾਨੂੰ ਆਪਣੇ ਹੱਕਾਂ ਨੂੰ ਸਮਝਣ ਵਿੱਚ ਸਹਾਇਤਾ ਦੀ ਲੋੜ ਹੈ, ਤਾਂ ਆਪਣੀ ਸਥਾਨਕ ਕਾਉਂਟੀ ਦੇ ਐਗਰੀਕਲਚਰ ਕਮਿਸ਼ਨਰ ਦੇ ਦਫ਼ਤਰ, ਸਥਾਨਕ ਕਾਨੂੰਨੀ ਸਹਾਇਤਾ ਅਤੇ ਕਾਮੇ ਦੇ ਅਧਿਕਾਰਾਂ ਸਬੰਧੀ ਸੰਗਠਨ, ਯੂਨੀਅਨ, ਜਾਂ ਕੀਟਨਾਸ਼ਕ ਦੇ ਕਾਨੂੰਨਾਂ ਅਤੇ ਨਿਯਮਾਂ ਬਾਰੇ ਵਿਭਾਗ (DPR) ਨੂੰ ਕਾਲ ਕਰੋ ਜਾਂ ਉਨ੍ਹਾਂ ਕੋਲ ਜਾਓ

## 1. ਜਾਣਨ ਦਾ ਹੱਕ

ਤੁਹਾਨੂੰ ਉਨ੍ਹਾਂ ਕੀਟਨਾਸ਼ਕਾਂ ਬਾਰੇ ਜਾਣਕਾਰੀ ਲੈਣ ਦਾ ਹੱਕ ਹੈ, ਜਿਨ੍ਹਾਂ ਦਾ ਤੁਸੀਂ ਹਾਲ ਵਿੱਚ ਹੀ ਕੰਮ ਕਰਦਿਆਂ ਇਸਤੇਮਾਲ ਕੀਤਾ ਹੈ:

- ਕੀਟਨਾਸ਼ਕ ਨਾਲ ਇਲਾਜ ਕੀਤੀ ਫਸਲ ਜਾਂ ਸਾਈਟ ਅਤੇ ਇਲਾਜ ਕਰਨ ਵਾਲੀ ਜਗ੍ਹਾ ਕਿੱਥੇ ਹੈ
- ਇਸਤੇਮਾਲ ਕਦੋਂ ਸ਼ੁਰੂ ਅਤੇ ਕਦੋਂ ਖ਼ਤਮ ਹੋਵੇਗਾ
- ਦਾਖਲੇ ਦੀ ਪਾਬੰਦੀ ਵਾਲਾ ਵਕਫ਼ਾ (REI))
- ਕੀਟਨਾਸ਼ਕ ਦਾ ਨਾਮ, ਅਮਰੀਕੀ ਈਪੀਏ ਪੰਜੀਕਰਣ ਸੰਖਿਆ, ਅਤੇ ਸਰਗਰਮ ਤੱਤ
- ਇਸਤੇਮਾਲ ਕੀਤੇ ਕੀਟਨਾਸ਼ਕ ਲਈ ਸੁਰੱਖਿਆ ਡੇਟਾ ਸ਼ੀਟ (SDS)। SDS ਤੁਹਾਨੂੰ ਕੀਟਨਾਸ਼ਕ ਅਤੇ ਇਸਦੇ ਖ਼ਤਰਿਆਂ ਬਾਰੇ ਜਾਣਕਾਰੀ ਦਿੰਦਾ ਹੈ।

ਤੁਹਾਡੀ ਟ੍ਰੇਨਿੰਗ ਦੇ ਹਿੱਸੇ ਵਜੋਂ, ਤੁਹਾਡੇ ਮਾਲਕ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਇਹ ਸਾਰੀ ਜਾਣਕਾਰੀ ਕਿੱਥੇ ਰੱਖੀ ਗਈ ਹੈ। ਤੁਹਾਡੇ ਮਾਲਕ ਨੂੰ ਇਹ ਇੰਤਜ਼ਾਮ ਕਰਨਾ ਚਾਹੀਦਾ ਹੈ ਕਿ ਤੁਸੀਂ ਜਦੋਂ ਵੀ ਚਾਹੋ ਇਹ ਰਿਕਾਰਡ ਬਿਨਾਂ ਪੁੱਛੇ ਦੇਖ ਸਕਦੇ ਹੋ।

**ਤੁਸੀਂ ਹਾਲ ਵਿੱਚ ਇਸਤੇਮਾਲ ਕੀਤੇ ਕੀਟਨਾਸ਼ਕ ਬਾਰੇ ਇੱਥੋਂ ਜਾਣਕਾਰੀ ਦੇਖ ਸਕਦੇ ਹੋ:**

(ਮਾਲਕ: ਇਹ ਇਸਤੇਮਾਲ-ਵਿਸ਼ੇਸ਼ ਜਾਣਕਾਰੀ ਹੈ)

ਪਤਾ: ______________________________

______________________________

## 2. ਮੁਲਾਜ਼ਮ ਦੇ ਮੁਆਵਜ਼ੇ ਦਾ ਹੱਕ

ਜੇ ਤੁਸੀਂ **ਆਪਣੇ ਕੰਮ ਕਾਰਨ** ਬੀਮਾਰ ਜਾਂ ਜ਼ਖਮੀ ਹੋ ਜਾਂਦੇ ਹੋ, ਤਾਂ ਤੁਹਾਨੂੰ ਮੁਲਾਜ਼ਮ ਦੇ ਮੁਆਵਜ਼ੇ ਲਈ ਅਰਜ਼ੀ ਦਾਇਰ ਕਰਨ ਦਾ ਹੱਕ ਹੈ। ਮੁਲਾਜ਼ਮ ਦੇ ਮੁਆਵਜ਼ੇ ਵਿੱਚ ਤੁਹਾਨੂੰ ਤੁਹਾਡੇ ਮੈਡੀਕਲ ਬਿਲਾਂ ਦੀ ਅਦਾਇਗੀ ਕੀਤੀ ਜਾਏਗੀ ਅਤੇ ਕਦੀ-ਕਦੀ ਬਿਨਾਂ ਕੰਮ ਕਰਨ ਵਾਲੇ ਦਿਨਾਂ ਦੀ ਤਨਖ਼ਾਹ ਵੀ ਦਿੱਤੀ ਜਾਏਗੀ।

## 3. ਰਿਕਾਰਡਾਂ ਤੱਕ ਪਹੁੰਚ ਅਤੇ ਸਮੀਖਿਆ ਦਾ ਹੱਕ

ਤੁਹਾਨੂੰ ਕੀਟਨਾਸ਼ਕ ਵਰਤੋਂ ਦੇ ਰਿਕਾਰਡਾਂ, ਇਸਤੇਮਾਲ ਹੋਣ ਯੋਗ ਕੀਟਨਾਸ਼ਕ ਸੁਰੱਖਿਆ ਸੀਰੀਜ਼ ਲੀਫ਼ਲੈਟ (ਪਰਚਾ), ਅਤੇ ਪਿਛਲੇ ਦੋ ਸਾਲਾਂ ਵਿੱਚ, ਜਿੱਥੇ ਤੁਸੀਂ ਕੰਮ ਕਰਦੇ ਹੋ, ਇਸਤੇਮਾਲ ਕੀਤੇ ਸਾਰੇ ਕੀਟਨਾਸ਼ਕਾਂ ਲਈ SDSs ਦੇਖਣ ਦਾ ਹੱਕ ਹੈ। ਤੁਹਾਨੂੰ ਆਪਣੇ ਟ੍ਰੇਨਿੰਗ ਰਿਕਾਰਡ, ਚਿਕਿਤਸਾ ਦੇਖ-ਰੇਖ ਰਿਕਾਰਡ, ਅਤੇ ਨਿਰੀਖਣ ਜਾਂ ਸੰਭਾਵੀ ਪ੍ਰਭਾਵ ਨਾਲ ਸਬੰਧਿਤ ਕੋਈ ਵੀ ਹੋਰ ਦਸਤਾਵੇਜ਼ਾਂ ਦੀ ਸਮੀਖਿਆ ਕਰਨ ਦਾ ਵੀ ਹੱਕ ਹੈ। ਤੁਹਾਨੂੰ ਕੀਟਨਾਸ਼ਕਾਂ ਨਾਲ ਕੰਮ ਕਰਨ ਤੋਂ ਪਹਿਲਾਂ ਅਤੇ ਤੁਹਾਡੀ ਸਾਲਾਨਾ ਟ੍ਰੇਨਿੰਗ ਵਿੱਚ ਰਿਕਾਰਡਾਂ ਦੇ ਸਥਾਨ ਬਾਰੇ ਦੱਸਿਆ ਜਾਣਾ ਚਾਹੀਦਾ ਹੈ।

ਇਹ ਰਿਕਾਰਡ ਹੇਠ ਲਿਖੀ ਥਾਂ 'ਤੇ ਰੱਖੇ ਜਾਂਦੇ ਹਨ:

ਪਤਾ: ______________________________

______________________________

ਜੇ ਇਸ ਸਥਾਨ ਵਿੱਚ ਤਬਦੀਲੀ ਹੁੰਦੀ ਹੈ, ਤਾਂ ਤੁਹਾਡੇ ਮਾਲਕ ਨੂੰ ਤੁਹਾਨੂੰ ਤੁਰੰਤ ਨਵੇਂ ਸਥਾਨ ਬਾਰੇ ਦੱਸਣਾ ਚਾਹੀਦਾ ਹੈ।

**ਸੁਰੱਖਿਆ ਸਬੰਧੀ ਸੁਝਾਅ 8**

**ਮੈਂ ਇਹ ਕਿਸ ਤਰ੍ਹਾਂ ਦੱਸ ਸਕਦਾ ਹਾਂ ਕਿ ਕਿਹੜੇ ਕੀਟਨਾਸ਼ਕ ਜ਼ਿਆਦਾ ਖ਼ਤਰਨਾਕ ਹਨ?**


**ਬਹੁਤੇ ਕੀਟਨਾਸ਼ਕ ਦੇ ਲੇਬਲ 'ਤੇ ਸਾਹਮਣੇ ਪਾਸੇ ਇੱਕ ਸੰਕੇਤਕ ਸ਼ਬਦ ("ਖ਼ਤਰਾ," "ਚੇਤਾਵਨੀ," "ਸਾਵਧਾਨ") ਵੱਡੇ ਅੱਖਰਾਂ ਵਿੱਚ ਲਿਖਿਆ ਹੁੰਦਾ ਹੈ। ਇਹ ਸ਼ਬਦ ਤੁਹਾਨੂੰ ਕੀਟਨਾਸ਼ਕ ਦੇ ਸਿਹਤ 'ਤੇ ਗੰਭੀਰ ਅਸਰ ਬਾਰੇ ਜਾਣਕਾਰੀ ਦਿੰਦਾ ਹੈ।**

**ਜੇ ਤੁਸੀਂ ਮੰਨਦੇ**

**ਹੋ ਕਿ ਕੀਟਨਾਸ਼ਕ ਨਾਲ ਕੰਮ ਕਰਨ ਨਾਲ ਤੁਸੀਂ ਬੀਮਾਰ ਹੋਏ ਹੋ, ਤਾਂ ਫੌਰਨ ਆਪਣੇ ਮਾਲਕ ਨੂੰ ਦੱਸੋ। ਤੁਹਾਡੇ ਮਾਲਕ ਲਈ ਯਕੀਨੀ ਬਣਾਉਣਾ ਜ਼ਰੂਰੀ ਹੁੰਦਾ ਹੈ ਤੁਹਾਨੂੰ ਤੁਰੰਤ ਡਾਕਟਰ ਕੋਲ ਲਿਜਾਇਆ ਜਾਏ।**

## 4. ਜਾਣਕਾਰੀ ਲੈਣ ਦਾ ਹੱਕ

ਤੁਸੀਂ, ਤੁਹਾਡਾ ਡਾਕਟਰ, ਜਾਂ ਤੁਹਾਡੇ ਕਨੂੰਨੀ ਨੁਮਾਇੰਦੇ ਤੁਹਾਡੇ ਕੀਟਨਾਸ਼ਕ ਪ੍ਰਭਾਵ, ਜਾਂ ਕਿਸੇ ਹੋਰ ਉਸ ਕੀਟਨਾਸ਼ਕ ਵਰਤੋਂ ਦੇ ਰਿਕਾਰਡ ਬਾਰੇ ਜਾਣਕਾਰੀ ਲੈ ਸਕਦਾ ਹੈ, ਜੋ ਤੁਹਾਡੇ ਮਾਲਕ ਨੂੰ ਰੱਖਣੇ ਪੈਂਦੇ ਹਨ।




## 5. ਅਸੁਰੱਖਿਅਤ ਸਥਿਤੀਆਂ ਦੀ ਰਿਪੋਰਟ ਕਰਨ ਦਾ ਹੱਕ

ਮੁਲਾਜ਼ਮਾਂ ਲਈ ਕੀਟਨਾਸ਼ਕਾਂ ਤੋਂ ਸੁਰੱਖਿਆ ਕਾਉਂਟੀ ਦੇ ਖੇਤੀਬਾੜੀ ਕਮਿਸ਼ਨਰ ਅਤੇ DPR ਦੀ ਮੁੱਖ ਤਰਜੀਹ ਹੈ। ਤੁਹਾਨੂੰ ਸਜ਼ਾ ਮਿਲਣ ਜਾਂ ਨੌਕਰੀ ਤੋਂ ਕੱਢੇ ਜਾਣ ਦੇ ਡਰ ਦੇ ਬਿਨਾਂ ਅਸੁਰੱਖਿਅਤ ਕੀਟਨਾਸ਼ਕਾਂ ਨਾਲ ਕੰਮ ਕਰਨ ਦੀਆਂ ਸਥਿਤੀਆਂ ਅਤੇ ਸ਼ੱਕੀ ਕੀਟਨਾਸ਼ਕ ਦੇ ਇਸਤੇਮਾਲ ਸਬੰਧੀ ਉਲੰਘਣਾ ਦੀ ਰਿਪੋਰਟ ਕਰਨ ਦਾ ਹੱਕ ਹੈ। ਨਾ ਤਾਂ ਉਤਪਾਦਕ ਨੂੰ ਅਤੇ ਨਾ ਹੀ ਤੁਹਾਡੇ ਮਾਲਕ ਨੂੰ ਦੱਸਿਆ ਜਾਏਗਾ ਕਿ ਸ਼ਿਕਾਇਤ ਕਿਸਨੇ ਕੀਤੀ ਹੈ। ਸੁਰੱਖਿਆ ਸਮੱਸਿਆਵਾਂ ਬਾਰੇ ਤੁਹਾਡੇ ਬਿਆਨਾਂ ਦੀ ਫੌਰਨ ਜਾਂਚ ਹੋਣੀ ਚਾਹੀਦੀ ਹੈ।


## 6. ਬਦਲੇ ਤੋਂ ਸੁਰੱਖਿਆ ਦਾ ਹੱਕ

ਤੁਹਾਨੂੰ ਆਪਣੇ ਕਿਸੇ ਵੀ ਹੱਕਾਂ ਦਾ ਇਸਤੇਮਾਲ ਕਰਨ ਦੇ ਕਾਰਨ ਨੌਕਰੀ ਤੋਂ ਕੱਢੇ ਜਾਣ ਤੋਂ, ਪੱਖਪਾਤ ਤੋਂ, ਅਤੇ ਕਿਸੇ ਵੀ ਬਦਲੇ ਦੀ ਕਾਰਵਾਈ ਤੋਂ ਸੁਰੱਖਿਅਤ ਰੱਖਿਆ ਜਾਂਦਾ ਹੈ।

# ਮੈਂ ਕੰਮ ਤੇ ਖ਼ਤਰਿਆਂ ਬਾਰੇ ਕਿਸਨੂੰ ਦੱਸਣਾ ਹੈ?

ਤੁਹਾਡੇ ਕੰਮ ਵਾਲੀ ਥਾਂ 'ਤੇ ਸਿਰਫ਼ ਇੱਕੋ ਕਿਸਮ ਦਾ ਖ਼ਤਰਾ ਕੀਟਨਾਸ਼ਕ ਦਾ ਹੈ। ਜੇ ਤੁਹਾਨੂੰ ਕੀਟਨਾਸ਼ਕ ਸੁਰੱਖਿਆ ਸਬੰਧੀ ਸਮੱਸਿਆ ਬਾਰੇ ਸ਼ਿਕਾਇਤ ਹੈ, ਤਾਂ ਆਪਣੇ ਕਾਉਂਟੀ ਦੇ ਖੇਤੀਬਾੜੀ ਕਮਿਸ਼ਨਰ ਨੂੰ ਕਾਲ ਕਰੋ। ਤੁਸੀਂ ਕਮਿਸ਼ਨਰ ਦਾ ਨੰਬਰ ਸਥਾਨਕ ਫੋਨ ਡਾਇਰੈਕਟਰੀ ਦੇ ਸਰਕਾਰੀ ਪੰਨਿਆਂ ਵਿੱਚ ਵੇਖ ਸਕਦੇ ਹੋ ਜਾਂ DPR ਦੀ ਮੁਫ਼ਤ ਸ਼ਿਕਾਇਤ ਜਾਣਕਾਰੀ ਲਾਈਨ 1-87PestLine (1-877-378-5463) 'ਤੇ ਕਾਲ ਕਰ ਸਕਦੇ ਹੋ। ਜੇ ਤੁਹਾਨੂੰ ਸਿਹਤ ਅਤੇ ਸੁਰੱਖਿਆ ਸਬੰਧੀ ਦੂਜੀਆਂ ਸ਼ਿਕਾਇਤਾਂ (ਗੁਸਲਖ਼ਾਨਿਆਂ, ਗਰਮੀ ਤੋਂ ਤਣਾਓ, ਪੀਣ ਵਾਲੇ ਪਾਣੀ ਆਦਿ ਬਾਰੇ) ਹਨ, ਉਹਨਾਂ ਨੂੰ ਉਦਯੋਗਿਕ ਸਬੰਧਾਂ ਦੇ ਕੈਲੀਫ਼ੋਰਨੀਆ ਵਿਭਾਗ (California Department of Industrial Relations) Cal/OSHA ਦਫ਼ਤਰ ਕੋਲ ਇਸ ਨੰਬਰ ਤੇ ਕਾਲ ਕਰਕੇ ਦਰਜ ਕਰਾਓ: 1-844-522-6734.

# ਮੈਨੂੰ ਕਿਹੜੀ ਕੀਟਨਾਸ਼ਕ ਟ੍ਰੇਨਿੰਗ ਲੈਣੀ ਚਾਹੀਦੀ ਹੈ?




ਤੁਹਾਡੇ ਮਾਲਕ ਨੂੰ ਤੁਹਾਨੂੰ ਇਸ ਤਰ੍ਹਾਂ ਸਿੱਖਿਅਤ ਕਰਨਾ ਚਾਹੀਦਾ ਹੈ ਕਿ ਤੁਸੀਂ ਕੀਟਨਾਸ਼ਕ ਨਾਲ ਕੰਮ ਸ਼ੁਰੂ ਕਰਨ ਤੋਂ ਅਤੇ ਕਿਸੇ ਵੀ ਸਮੇਂ ਕਿਸੇ ਨਵੇਂ ਕੀਟਨਾਸ਼ਕ ਨਾਲ ਕੰਮ ਕਰਨ ਤੋਂ **ਪਹਿਲਾਂ** ਚੰਗੀ ਤਰ੍ਹਾਂ ਸਮਝ ਲਓ।

ਤੁਹਾਨੂੰ ਇਹ ਯਾਦ ਕਰਾਉਣ ਲਈ ਵੀ **ਹਰ ਸਾਲ** ਟ੍ਰੇਨਿੰਗ ਦੇਣੀ ਚਾਹੀਦੀ ਹੈ ਕਿ ਤੁਸੀਂ ਕੀਟਨਾਸ਼ਕਾਂ ਨਾਲ ਸੁਰੱਖਿਅਤ ਤਰੀਕੇ ਨਾਲ ਕਿਸ ਤਰ੍ਹਾਂ ਕੰਮ ਕਰਨਾ ਹੈ। ਤੁਹਾਡੇ ਮਾਲਕ ਨੂੰ ਚਾਹੀਦਾ ਹੈ:

- ਇਹ ਤੁਹਾਨੂੰ ਦੱਸੇਗਾ ਕਿ ਕੀਟਨਾਸ਼ਕ ਤੁਹਾਨੂੰ ਕਿਵੇਂ ਨੁਕਸਾਨ ਪਹੁੰਚਾ ਸਕਦਾ ਹੈ ਅਤੇ ਹਰੇਕ ਕੀਟਨਾਸ਼ਕ ਜਿਸ ਨਾਲ ਤੁਸੀਂ ਕੰਮ ਕਰਦੇ ਹੋ, ਉਸਨੂੰ ਸੁਰੱਖਿਅਤ ਢੰਗ ਨਾਲ ਕਿਵੇਂ ਵਰਤਣਾ ਹੈ। (ਸਿਖਲਾਈ ਬਾਰੇ ਹੋਰ ਜਾਣਨ ਲਈ ਆਪਣੇ ਰੁਜ਼ਗਾਰਦਾਤਾ ਤੋਂ A-1 ਸੁਰੱਖਿਆ ਪਰਚੇ ਦੀ ਇੱਕ ਕਾਪੀ ਮੰਗੋ।)
- ਜੇਕਰ ਤੁਸੀਂ ਪਾਬੰਦੀਸ਼ੁਦਾ ਕੀਟਨਾਸ਼ਕ ਦੀ ਵਰਤੋਂ ਕਰਦੇ ਹੋ ਤਾਂ ਇਹ ਤੁਹਾਨੂੰ ਵਾਧੂ ਸਿਖਲਾਈ ਦੇਵੇਗਾ (ਅਗਲਾ ਭਾਗ ਵੇਖੋ)।
- ਤੁਹਾਨੂੰ ਦੱਸੇ ਕਿ ਕੀਟਨਾਸ਼ਕਾਂ ਨੂੰ ਇਧਰ ਤੋਂ ਉਧਰ ਕਿਵੇਂ ਲਿਜਾਣਾ ਹੈ, ਜਾਂ ਖਾਲੀ ਕੀਟਨਾਸ਼ਕ ਕੰਟੇਨਰਾਂ ਦਾ ਨਿਪਟਾਰਾ ਕਿਵੇਂ ਕਰਨਾ ਹੈ (ਇਨਹ੍ਹਾਂ ਲਈ ਵਿਸ਼ੇਸ਼ ਨਿਯਮ ਹਨ, ਜਿਨਹ੍ਹਾਂ ਨੂੰ ਤੁਹਾਡੇ ਮਾਲਕ ਨੂੰ ਤੁਹਾਨੂੰ ਦੱਸਣਾ ਚਾਹੀਦਾ ਹੈ। ਹੋਰ ਜਾਣਕਾਰੀ ਲਈ ਮਾਲਕ ਨੂੰ A-2 ਸੁਰੱਖਿਆ ਲੀਫ਼ਲੈਟ (ਪਰਚੇ) ਲਈ ਪੁੱਛੋ।
- ਤੁਹਾਨੂੰ ਵਾਧੂ ਟ੍ਰੇਨਿੰਗ ਦੇਵੇ ਜੇ ਤੁਸੀਂ ਇੰਜੀਨੀਅਰਿੰਗ ਨਿਯੰਤਰਣ ਇਸਤੇਮਾਲ ਕਰਦੇ ਹੋ, ਜਿਵੇਂ ਬੰਦ ਮਿਸ਼ਰਣ ਪ੍ਰਣਾਲੀ (ਆਪਣੇ ਮਾਲਕ ਨੂੰ A-3 ਸੁਰੱਖਿਆ ਲੀਫ਼ਲੈਟ (ਪਰਚੇ) ਲਈ ਪੁੱਛੋ)।
- ਤੁਹਾਨੂੰ ਫਸਟ ਏਡ ਅਤੇ ਐਮਰਜੈਂਸੀ ਸ਼ੁਧੀਕਰਨ ਤੇ ਜਾਣਕਾਰੀ ਦੇਵੇ (ਆਪਣੇ ਮਾਲਕ ਨੂੰ A-4 ਸੁਰੱਖਿਆ ਲੀਫ਼ਲੈਟ (ਪਰਚੇ) ਲਈ ਪੁੱਛੋ)।
- ਜੇ ਤੁਸੀਂ ਇੱਕ ਰੈਸਪੀਰੇਟਰ ਵਰਤਣਾ ਹੈ ਤਾਂ ਇਸ ਲਈ ਤੁਹਾਨੂੰ ਵਾਧੂ ਟ੍ਰੇਨਿੰਗ ਦੇਵੇ (ਆਪਣੇ ਮਾਲਕ ਨੂੰ A-5 ਸੁਰੱਖਿਆ ਲੀਫ਼ਲੈਟ (ਪਰਚੇ) ਲਈ ਕਹੋ)।
- ਤੁਹਾਨੂੰ ਸਿੱਖਿਅਤ ਕਰੇ ਕਿ ਕੰਮ ਦੇ ਕੱਪੜਿਆਂ ਨੂੰ ਦੁਬਾਰਾ ਪਾਉਣ ਤੋਂ ਪਹਿਲਾਂ ਹੋਰ ਕੱਪੜਿਆਂ ਤੋਂ ਵੱਖਰੇ ਕਿਸ ਤਰਹ੍ਹਾਂ ਧੋਣਾ ਹੈ (ਆਪਣੇ ਮਾਲਕ ਨੂੰ A-7 ਸੁਰੱਖਿਆ ਲੀਫ਼ਲੈਟ (ਪਰਚੇ) ਲਈ ਪੁੱਛੋ)।

**ਇਸ ਦਸਤਾਵੇਜ਼ ਵਿੱਚ ਜਿਨ੍ਹਾਂ ਹੋਰ ਸੁਰੱਖਿਆ ਲੀਫ਼ਲੈਟਾਂ (ਪਰਚਿਆਂ) ਦਾ ਜ਼ਿਕਰ ਹੈ, ਉਹ ਵੀ ਤੁਹਾਡੀ ਟ੍ਰੇਨਿੰਗ ਦਾ ਹਿੱਸਾ ਹੋਣੀਆਂ ਚਾਹੀਦੀਆਂ ਹਨ। ਉਹ ਤੁਹਾਡੇ ਮਾਲਕ ਤੋਂ, ਤੁਹਾਡੇ ਕਾਉਂਟੀ ਦੇ ਖੇਤੀਬਾੜੀ ਕਮਿਸ਼ਨਰ ਤੋਂ, ਜਾਂ DPR ਦੀ ਵੈਬਸਾਈਟ http://www.cdpr.ca.gov/docs/whs/psisenglish.htm 'ਤੇ ਮੁਫ਼ਤ ਉਪਲਬਧ ਹੋਣੀਆਂ ਚਾਹੀਦੀਆਂ ਹਨ।**

ਤੁਹਾਡੀ ਟ੍ਰੇਨਿੰਗ ਬਾਰੇ ਸਾਰੀ ਜਾਣਕਾਰੀ ਲਿਖਤੀ ਰੂਪ ਵਿੱਚ ਹੋਣੀ ਚਾਹੀਦੀ ਹੈ। ਤੁਹਾਨੂੰ ਦਸਤਖ਼ਤ ਕਰਨ ਲਈ ਇੱਕ ਕਾਗਜ਼ ਦਿੱਤਾ ਜਾਏਗਾ ਕਿ ਤੁਹਾਨੂੰ ਟ੍ਰੇਨਿੰਗ ਦਿੱਤੀ ਗਈ ਹੈ ਅਤੇ ਤੁਹਾਨੂੰ ਕਿਹੜੇ ਕੀਟਨਾਸ਼ਕਾਂ ਤੇ ਟ੍ਰੇਨਿੰਗ ਦਿੱਤੀ ਗਈ ਹੈ। ਇਸ 'ਤੇ ਟ੍ਰੇਨਿੰਗ ਖ਼ਤਮ ਹੋਣ ਅਤੇ ਜੋ ਕੁਝ ਤੁਸੀਂ ਸੁਣਿਆ ਹੈ, ਉਸ ਨੂੰ ਪੂਰੀ ਤਰ੍ਹਾਂ ਸਮਝ ਲੈਣ ਤੋਂ ਬਾਅਦ ਹੀ ਦਸਤਖ਼ਤ ਕਰੋ।

## ਕੀ ਬਹੁਤ ਜ਼ਿਆਦਾ ਖ਼ਤਰਨਾਕ ਕੀਟਨਾਸ਼ਕਾਂ ਲਈ ਕੋਈ ਹੋਰ ਵਾਧੂ ਨਿਯਮ ਵੀ ਹਨ?

ਹਾਂ, ਕੈਲੀਫੋਰਨੀਆ ਵਿੱਚ ਕੀਟਨਾਸ਼ਕਾਂ ਦੇ ਤਿੰਨ ਸਮੂਹਾਂ ਲਈ ਵਾਧੂ ਨਿਯਮ ਹਨ ਜੋ ਵਧੇਰੇ ਖ਼ਤਰਨਾਕ ਹਨ। ਇਹ ਗਰੁੱਪ ਅਤੇ ਉਨ੍ਹਾਂ ਦੇ ਨਿਯਮ ਇਸ ਪ੍ਰਕਾਰ ਹਨ:

### 1. ਜੈਵਿਕ ਫ਼ਾਸਫ਼ੇਟ ਅਤੇ ਕਾਰਬਾਮੇਟ ਕੀਟਨਾਸ਼ਕ



ਕੋਲਿਨਸਟ੍ਰੇਜ਼ (cholinesterase) ਤੁਹਾਡੇ ਸਰੀਰ ਵਿੱਚ ਇੱਕ ਰਸਾਇਣ ਹੁੰਦਾ ਹੈ, ਜਿਸ ਨਾਲ ਤੁਹਾਡੀਆਂ ਨਸਾਂ ਨੂੰ ਠੀਕ ਤਰ੍ਹਾਂ ਨਾਲ ਕੰਮ ਕਰਨ ਵਿੱਚ ਮਦਦ ਮਿਲਦੀ ਹੈ। ਜੈਵਿਕ ਫ਼ਾਸਫ਼ੇਟਸ ਅਤੇ ਕਾਰਬਾਮੇਟਸ ਦਾ ਪ੍ਰਭਾਵ, ਕੋਲਿਨਸਟ੍ਰੇਜ਼ ਦੇ ਕੰਮ ਕਰਨ ਵਿੱਚ ਰੁਕਾਵਟ ਪਾ ਕੇ ਤੁਹਾਨੂੰ ਬੀਮਾਰ ਕਰ ਸਕਦਾ ਹੈ। ਜੇ ਤੁਸੀਂ ਸੰਕੇਤਕ ਸ਼ਬਦ “ਖ਼ਤਰਾ” ਜਾਂ “ਚੇਤਾਵਨੀ,” ਵਾਲੇ ਜੈਵਿਕ ਫ਼ਾਸਫ਼ੇਟਸ ਅਤੇ ਕਾਰਬਾਮੇਟਸ ਨੂੰ ਰਲਾਉਂਦੇ, ਲੱਦਦੇ ਜਾਂ ਇਸਤੇਮਾਲ ਕਰਦੇ ਹੋ, ਤਾਂ ਤੁਹਾਡੇ ਮਾਲਕ ਲਈ ਇਹ ਰਿਕਾਰਡ ਰੱਖਣਾ ਜ਼ਰੂਰੀ ਹੈ ਕਿ ਤੁਸੀਂ ਕਦੋਂ-ਕਦੋਂ ਇਹਨਾਂ ਕੀਟਨਾਸ਼ਕਾਂ ਦੇ ਪ੍ਰਭਾਵ ਵਿੱਚ ਆਉਂਦੇ ਹੋ। ਜੇ ਤੁਸੀਂ ਇਹਨਾਂ ਕੀਟਨਾਸ਼ਕਾਂ ਨਾਲ ਕਿਸੇ ਵੀ 30 ਦਿਨਾਂ ਦੀ ਮਿਆਦ ਵਿੱਚ ਛੇ ਦਿਨਾਂ ਤੋਂ ਵੱਧ ਕੰਮ ਕਰਦੇ ਹੋ, ਤਾਂ ਕੈਲੀਫ਼ੋਰਨੀਆ ਦੇ ਨਿਯਮਾਂ ਦੇ ਮੁਤਾਬਕ ਤੁਹਾਡੀ ਵਾਧੂ ਮੈਡੀਕਲ ਦੇਖਭਾਲ ਹੋਣੀ ਚਾਹੀਦੀ ਹੈ। ਇਹਨਾਂ ਕੀਟਨਾਸ਼ਕਾਂ ਬਾਰੇ ਹੋਰ ਜਾਣਕਾਰੀ ਲਈ, ਆਪਣੇ ਮਾਲਕ ਨੂੰ A-10 ਸੁਰੱਖਿਆ ਲੀਫ਼ਲੈਟ (ਪਰਚੇ) ਲਈ ਕਹੋ।

ਜੇ ਤੁਹਾਨੂੰ ਵਾਧੂ ਮੈਡੀਕਲ ਦੇਖਭਾਲ ਦੀ ਲੋੜ ਹੈ, ਤਾਂ ਤੁਹਾਡਾ ਮਾਲਕ ਟੈਸਟ ਨਤੀਜੇ ਅਤੇ ਮੈਡੀਕਲ ਸੁਪਰਵਾਈਜਰ ਦੀਆਂ ਸਿਫ਼ਾਰਿਸ਼ਾਂ ਸੰਭਾਲ ਕੇ ਰੱਖਦਾ ਹੈ। ਜੈਵਿਕ ਫ਼ਾਸਫ਼ੇਟਸ ਅਤੇ ਕਾਰਬਾਮੇਟਸ ਕੀਟਨਾਸ਼ਕਾਂ ਲਈ ਵਧੇਰੇ ਮੈਡੀਕਲ ਦੇਖਭਾਲ ਉਪਲਬਧ ਕਰਾ ਰਿਹਾ ਹੈ:

ਡਾਕਟਰ ਦਾ ਨਾਮ: ____________________

ਪਤਾ: ____________________

ਟੇਲੀਫ਼ੋਨ ਨੰਬਰ: ____________________

### 2. ਘੱਟੋ ਘੱਟ ਪ੍ਰਭਾਵ ਵਾਲੇ ਕੀਟਨਾਸ਼ਕ

- ਇਹ ਖੇਤੀਬਾੜੀ ਲਈ ਘੱਟ ਸੰਪਰਕ ਵਾਲੀਆਂ ਕੀਟਨਾਸ਼ਕਾਂ ਹਨ ਅਤੇ ਕੁਝ ਉਤਪਾਦਾਂ ਦੇ ਨਾਮਾਂ ਦੀਆਂ ਉਦਾਹਰਣਾਂ ਇਹ ਹਨ:
- ਬ੍ਰੋਮੋਕਸਾਈਨਿਲ (ਮੌਕਸੀ, ਮੈਸਟਰੋ, ਕਲੀਨਸਵੀਪ)
- ਆਕਸੀਡੇਮੇਟਨ-ਮਿਥਾਈਲ (ਕੋਈ ਰਜਿਸਟਰਡ ਉਤਪਾਦ ਨਹੀਂ)
- ਪ੍ਰੋਪਾਰਗਾਈਟ (ਓਮਾਈਟ, ਡੈਸੀਮਾਈਟ, ਕਮਾਈਟ)

ਇਹਨਾਂ ਕੀਟਨਾਸ਼ਕਾਂ ਨਾਲ ਕੰਮ ਕਰਨ ਦੀ ਲੋੜ ਪੈਣ ‘ਤੇ ਸੁਰੱਖਿਆ ਨਿਯਮਾਂ ਬਾਰੇ ਵਧੇਰੇ ਜਾਣਕਾਰੀ ਲਈ A-6 ਸੁਰੱਖਿਆ ਪਰਚਾ ਦੇਖੋ।

### 3 ਪਾਬੰਦੀਸ਼ੁਦਾ ਕੀਟਨਾਸ਼ਕ

ਕੀਟਨਾਸ਼ਕਾਂ ‘ਤੇ ਪਾਬੰਦੀ ਲਗਾਈ ਜਾਂਦੀ ਹੈ ਜੇਕਰ ਉਹ ਦੂਜੀਆਂ ਕੀਟਨਾਸ਼ਕਾਂ ਦੇ ਮੁਕਾਬਲੇ ਤੁਹਾਨੂੰ ਬਿਮਾਰ ਕਰਨ ਜਾਂ ਦੂਜਿਆਂ ਜਾਂ ਵਾਤਾਵਰਨ ਨੂੰ ਨੁਕਸਾਨ ਪਹੁੰਚਾਉਣ ਦੀ ਜ਼ਿਆਦਾ ਸੰਭਾਵਨਾ ਰੱਖਦੀਆਂ ਹਨ। ਜੇ ਤੁਸੀਂ ਪਾਬੰਦੀਸ਼ੁਦਾ ਕੀਟਨਾਸ਼ਕਾਂ ਸੰਬੰਧੀ ਕੰਮ ਕਰਦੇ ਹੋ, ਤਾਂ ਤੁਹਾਡੇ ਰੁਜ਼ਗਾਰਦਾਤਾ ਨੂੰ ਤੁਹਾਨੂੰ ਇਸ ਬਾਰੇ ਵਾਧੂ ਸਿਖਲਾਈ ਦੇਣੀ ਚਾਹੀਦੀ ਹੈ:

- ਇਹਨਾਂ ਕੀਟਨਾਸ਼ਕਾਂ ਦੀ ਪਛਾਣ ਕਿਵੇਂ ਕਰੀਏ,

- ਕਿ ਤੁਹਾਡੀ ਨਿਗਰਾਨੀ ਇੱਕ ਪ੍ਰਮਾਣਿਤ ਕੀਟਨਾਸ਼ਨਕ-ਮਾਹਰ ਦੁਆਰਾ ਕੀਤੀ ਜਾਣੀ ਚਾਹੀਦੀ ਹੈ,

- ਪ੍ਰਮਾਣਿਤ ਕੀਟਨਾਸ਼ਕ-ਮਾਹਰ ਦੀ ਜ਼ਿੰਮੇਵਾਰੀ ਕਿ ਉਹ ਤੁਹਾਨੂੰ ਕੀਟਨਾਸ਼ਕ ਅਤੇ ਸਥਾਨ ਬਾਰੇ ਖਾਸ ਜਾਣਕਾਰੀ ਦੇਵੇ, ਅਤੇ

- ਪ੍ਰਮਾਣਿਤ ਕੀਟਨਾਸ਼ਕ-ਮਾਹਰ ਨਾਲ ਕਿਵੇਂ ਸੰਪਰਕ ਕਰਨਾ ਹੈ।

| ਉਸ ਜਾਣਕਾਰੀ ਦਾ ਸੰਖੇਪ ਜੋ ਤੁਹਾਡੇ ਮਾਲਕ ਨੂੰ ਰੱਖਣੀ ਜ਼ਰੂਰੀ ਹੈ | |
|---|---|
| **ਜਾਣਕਾਰੀ** | **ਸਥਾਨ** |
| ਟਰੇਨਿੰਗ ਰਿਕਾਰਡ | ਕੇਂਦਰੀ ਕਾਰਜ ਸਥਾਨ ਵਾਲਾ ਸਥਾਨ |
| ਲਿਖਤੀ ਸਿਖਲਾਈ ਪ੍ਰੋਗਰਾਮ | ਕੇਂਦਰੀ ਕਾਰਜ ਸਥਾਨ ਵਾਲਾ ਸਥਾਨ |
| ਭਰੀ ਹੋਈ ਕੀਟਨਾਸ਼ਕ ਸੁਰੱਖਿਆ ਜਾਣਕਾਰੀ ਲੜੀ (PSIS) A-8 | ਕੇਂਦਰੀ ਕਾਰਜ ਸਥਾਨ ਵਾਲੇ ਸਥਾਨ ਤੇ ਡਿਸਪਲੇ ਅਤੇ ਉਸ ਸੁਧੀਕਰਨ ਸਹੂਲਤ ਤੇ ਪੋਸਟ ਕਰਨਾ, ਜਿੱਥੇ 11 ਜਾਂ ਵੱਧ ਹੈਂਡਲਰ ਕੰਮ ਕਰਦੇ ਹਨ |
| ਰੈਸਪੀਰੇਟਰ ਪ੍ਰੋਗਰਾਮ ਅਤੇ ਮੁਲਾਜ਼ਮ ਮਸ਼ਵਰੇ | ਮਾਲਕ ਦੇ ਹੈਡਕੁਆਰਟਰ |
| ਰੈਸਪੀਰੇਟਰ (ਸ਼ਵਾਸ-ਯੰਤਰ) ਮੈਡੀਕਲ ਮੁਲਾਂਕਣ ਨਤੀਜਾ | ਮਾਲਕ ਦੇ ਹੈਡਕੁਆਰਟਰ |
| ਰੈਸਪੀਰੇਟਰ ਫਿਟ ਟੈਸਟ ਰਿਕਾਰਡ | ਮਾਲਕ ਦੇ ਹੈਡਕੁਆਰਟਰ |
| ਰੈਸਪੀਰੇਟਰ ਸਵੈਇੱਛਾ ਇਸਤੇਮਾਲ ਡਿਸਪਲੇ (ਜੇ ਮਾਲਕ ਵੱਲੋਂ ਇਜਾਜ਼ਤ ਹੋਵੇ) | ਭਰੇ ਹੋਏ PSIS A-8 ਦੇ ਨਾਲ ਡਿਸਪਲੇ ਕਰਨ ਲਈ |
| ਹਾਦਸਾ ਪ੍ਰਤਿਕਰਮ ਯੋਜਨਾ (fumigants) | ਕੰਮ ਦੀ ਥਾਂ |
| ਕੀਟਨਾਸ਼ਕ ਲੇਬਲ | ਕੰਮ ਦੀ ਥਾਂ |
| ਲਾਗੂ ਹੋਣ ਯੋਗ ਕੀਟਨਾਸ਼ਕ ਸੁਰੱਖਿਆ ਜਾਣਕਾਰੀ ਲੜੀ ਲੀਫ਼ਲੈਟ (ਪਰਚੇ) (A1-A10) | ਕੇਂਦਰੀ ਕਾਰਜ ਸਥਾਨ ਵਾਲਾ ਸਥਾਨ |
| ਐਮਰਜੈਂਸੀ ਮੈਡੀਕਲ ਦੇਖਭਾਲ ਪੋਸਟਿੰਗ | ਕੰਮ ਦੀ ਥਾਂ ਜਾਂ ਕੰਮ ਦਾ ਵਾਹਨ |
| ਇਸਤੇਮਾਲ-ਵਿਸ਼ੇਸ਼ ਜਾਣਕਾਰੀ | ਕੇਂਦਰੀ ਕਾਰਜ ਸਥਾਨ ਵਾਲਾ ਸਥਾਨ |
| ਸੁਰੱਖਿਆ ਡੇਟਾ ਸ਼ੀਟਾਂ | ਕੇਂਦਰੀ ਕਾਰਜ ਸਥਾਨ ਵਾਲੀ ਥਾਂ |
| ਕੀਟਨਾਸ਼ਕ ਵਰਤੋਂ ਦੇ ਰਿਕਾਰਡ | ਕੇਂਦਰੀ ਕਾਰਜ ਸਥਾਨ ਵਾਲੀ ਥਾਂ |

## ਮਤਾ 65

1986 ਵਿੱਚ, ਪੀਣ ਵਾਲੇ ਸੁਰੱਖਿਅਤ ਪਾਣੀ ਅਤੇ ਜ਼ਹਿਰੀਲੇ ਪਦਾਰਥਾਂ ਬਾਰੇ ਐਨਫੋਰਸਮੈਂਟ ਐਕਟ (Safe Drinking Water and Toxic Enforcement Act of 1986) (ਮਤਾ 65) ਨਾਮ ਦਾ ਕਨੂੰਨ ਪਾਸ ਕੀਤਾ ਗਿਆ। ਇਸਦੇ ਹੇਠ ਕੈਲੀਫ਼ੋਰਨੀਆ ਵੱਲੋਂ ਉਨ੍ਹਾਂ ਰਸਾਇਣਾਂ ਦੀ ਸੂਚੀ ਬਣਾਉਣ ਦੀ ਲੋੜ ਹੁੰਦੀ ਹੈ, ਜਿਨ੍ਹਾਂ ਨਾਲ ਕੈਂਸਰ, ਜਨਮ ਵਿਕਾਰ, ਜਾਂ ਹੋਰ ਪ੍ਰਜਨਕ ਨੁਕਸਾਨ ਹੁੰਦੇ ਹਨ। ਮਤਾ 65 ਸੂਚੀ ਵਿੱਚ, ਰੰਗ ਦੇ ਰਸਾਇਣ, ਘੋਲਕ, ਕੀਟਨਾਸ਼ਕ, ਦਵਾਈਆਂ ਅਤੇ ਭੋਜਨ ਵਿੱਚ ਮਿਲਾਏ ਜਾਣ ਵਾਲੇ ਉਤਪਾਦਾਂ ਸਮੇਤ ਕਈ ਵੱਖ-ਵੱਖ ਰਸਾਇਣ ਹਨ। ਜੇ ਤੁਸੀਂ ਮਤਾ 65 ਦੀ ਸੂਚੀ 'ਤੇ ਦਿੱਤੇ ਗਏ ਕਿਸੇ ਕੀਟਨਾਸ਼ਕ ਦਾ ਇਸਤੇਮਾਲ ਕਰਦੇ ਹੋ, ਤਾਂ ਤੁਹਾਡੇ ਮਾਲਕ ਨੂੰ ਤੁਹਾਨੂੰ ਚੇਤਾਵਨੀ ਦੇਣੀ ਚਾਹੀਦੀ ਹੈ ਕਿ ਜੇ ਤੁਸੀਂ ਜ਼ਿਆਦਾ ਕੀਟਨਾਸ਼ਕ ਦੇ ਪ੍ਰਭਾਵ ਵਿੱਚ ਆਉਂਦੇ ਹੋ ਤਾਂ ਤੁਹਾਡੀ ਸਿਹਤ ਨੂੰ ਬਹੁਤ ਜ਼ਿਆਦਾ ਜੋਖਮ ਹੋ ਸਕਦਾ ਹੈ। ਮਤਾ 65 ਦੀ ਸੂਚੀ 'ਤੇ ਦਿੱਤੇ ਗਏ ਕਿਸੇ ਕੀਟਨਾਸ਼ਕ ਦਾ ਛਿੜਕਾਅ ਕੀਤੇ ਜਾਣ 'ਤੇ ਤੁਹਾਡਾ ਮਾਲਕ ਤੁਹਾਨੂੰ ਚੇਤਾਵਨੀ ਦੇਣ ਦੀ ਚੋਣ ਵੀ ਕਰ ਸਕਦਾ ਹੈ, ਭਾਵੇਂ ਸਿਹਤ ਨੂੰ ਕੋਈ ਖ਼ਤਰਾ ਹੋਣ ਦੀ ਸੰਭਾਵਨਾ ਨਹੀਂ। ਜਿਵੇਂ ਉੱਪਰ ਦੱਸਿਆ ਗਿਆ ਹੈ, ਤੁਹਾਡੇ ਮਾਲਕ ਵੱਲੋਂ ਇਸਤੇਮਾਲ ਹੋਣ ਵਾਲੇ ਹਰ ਇੱਕ ਕੀਟਨਾਸ਼ਕ ਬਾਰੇ ਜਾਣਕਾਰੀ ਪੰਨਾ 2 'ਤੇ ਦਿੱਤੇ ਪਤੇ 'ਤੇ ਰੱਖੀ ਜਾਣੀ ਚਾਹੀਦੀ ਹੈ ਅਤੇ ਤੁਹਾਨੂੰ ਇਸਨੂੰ ਦੇਖਣ ਦੀ ਆਗਿਆ ਦੇਣੀ ਚਾਹੀਦੀ ਹੈ। ਜੇ ਤੁਹਾਨੂੰ ਰਿਕਾਰਡ ਦੀ ਥਾਂ ਦਾ ਪੱਕਾ ਪਤਾ ਨਹੀਂ, ਤਾਂ ਆਪਣੇ ਮਾਲਕ ਨੂੰ ਪੁੱਛੋ।

**ਮਤਾ 65 ਦੀ ਸੂਚੀ 'ਤੇ ਜੋ ਕੀਟਨਾਸ਼ਕ ਹਨ ਅਤੇ ਜੋ ਕੈਲੀਫ਼ੋਰਨੀਆ ਵਿੱਚ ਵਰਤੇ ਜਾਂਦੇ ਹਨ, ਉਨ੍ਹਾਂ ਦੀ ਸੂਚੀ ਨੂੰ ਤੁਸੀਂ http://www.cdpr.ca.gov/docs/dept/factshts/prop65.htm 'ਤੇ ਵੇਖ ਸਕਦੇ ਹੋ।**



ਜੇ ਤੁਹਾਨੂੰ ਆਪਣੀ ਟ੍ਰੇਨਿੰ ਗ ਵਿੱਚ ਲੋੜੀਂਦੀ ਸਾਰੀ ਜਾਣਕਾਰੀ ਨਹੀਂ ਮਿਲਦੀ ਜਾਂ ਤੁਸੀਂ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਬਾਰੇ ਸ਼ਿਕਾਇਤ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਹੋਰ ਜਾਣਕਾਰੀ ਲਈ ਆਪਣੇ ਕਾਉਂਟੀ ਦੇ ਐਗਰੀਕਲਚਰ ਕਮਿਸ਼ਨਰ ਜਾਂ ਡੀਪੀਆਰ ਨੂੰ ਫ਼ੋਨ ਕਰਨਾ ਚਾਹੀਦਾ ਹੈ। ਤੁਹਾਨੂੰ ਆਪਣੀ ਸਥਾਨਕ ਸਫੈਦ ਪੰਨਿਆਂ ਦੀਂ ਫੋਨ ਡਾਇਰੈਕਟਰੀ ਵਿੱਚ ਕਮਿਸ਼ਨਰ ਦਾ ਨੰਬਰ ਲਵੋ
https://www.cdfa.ca.gov/exec/county/countymap/

**ਡੀਪੀਆਰ ਦੇ ਖੇਤਰੀ ਦਫਤਰ ਹਨ:**
- **ਉੱਤਰੀ (ਵੈਸਟ ਸੈਕਰਾਮੈਂਟੋ) (916) 376-8960**
- **ਸੈਂਟਰਲ (ਕਲੋਇਸ) (559) 297-3511**
- **ਦੱਖਣੀ (ਐਨਾਹਾਇਮ) (714) 279-7690**

ਕੀਟਨਾਸ਼ਕ ਬਾਰੇ ਸ਼ਿਕਾਇਤ ?
**1-87PestLine**
**ਜਾਣਕਾਰੀ ਲਾਈਨ**
1-877-378-5463


ਸੁਰੱਖਿਆ ਸਬੰਧੀ ਲੀਫ਼ਲੈਟ (ਪਰਚੇ) ਇੱਥੇ ਉਪਲੱਬਧ ਹਨ:
www.cdpr.ca.gov/worker-health-and-safety/education-series

# ਸੁਰੱਖਿਆ ਸਬੰਧੀ ਸੁਝਾਅ

## ਆਪਣੀ ਚਮੜੀ ਦੀ ਸੁਰੱਖਿਆ ਕਿਵੇ ਕਰਨੀ ਹ




- ਲੰਮੀਆਂ ਬਾਹਾਂ ਵਾਲੇ ਕੱਪੜੇ ਅਤੇ ਲੰਮੀਆਂ ਪੈਂਟਾਂ, ਜੁੱਤੀਆਂ ਜਾਂ ਬੂਟ, ਜੁਰਾਬਾਂ, ਟੋਪ ਅਤੇ/ਜਾਂ ਸਕਾਰਫ, ਅਤੇ ਦਸਤਾਨੇ ਪਹਿਨੋ।
- ਯਕੀਨੀ ਬਣਾਓ ਕਿ ਉਹ ਸਾਫ਼ ਹਨ ਅਤੇ ਉਹਨਾਂ ਵਿੱਚ ਛੇਕ ਨਹੀਂ ਹਨ।



- ਖਾਣ, ਪੀਣ, ਤੰਮਾਕੂਨੋਸ਼ੀ ਕਰਨ, ਚਿਉਂਗਮ ਚਬਾਉਣ, ਆਪਣਾ ਫੋਨ ਵਰਤਣ, ਜਾਂ ਬਾਥਰੂਮ ਜਾਣ ਤੋਂ ਪਹਿਲਾਂ ਹਮੇਸ਼ਾਂ ਆਪਣੇ ਹੱਥ ਧੋਵੋ ਖੇਤ ਵਿੱਚ ਮਿਲੀ ਲੱਕੜ ਨਾਲ
- ਭੋਜਨ ਨਾ ਪਕਾਓ



- ਕੀਟਨਾਸ਼ਕ ਕੰਮ ਦੇ ਕੱਪੜਿਆਂ 'ਤੇ ਪੈ ਕੇ ਤੁਹਾਡੀ ਚਮੜੀ 'ਤੇ ਲੱਗ ਸਕਦੇ ਹਨ
- ਦੁਬਾਰਾ ਪਹਿਨਣ ਤੋਂ ਪਹਿਲਾਂ ਕੰਮ ਦੇ ਕੱਪੜੇ ਧੋਵੋ
- ਕੰਮ ਦੇ ਕੱਪੜਿਆਂ ਨੂੰ ਹੋਰ ਕੱਪੜਿਆਂ ਤੋਂ ਵੱਖਰੇ ਧੋਵੋ



- ਕੰਮ ਤੋਂ ਘਰ ਵਾਪਸ ਜਾਂਦੇ ਹੀ ਅਤੇ ਬੱਚਿਆਂ ਜਾਂ ਪਰੀਵਾਰ ਨੂੰ ਮਿਲਣ ਤੋਂ ਪਹਿਲਾਂ ਜਿਨੀ ਜਲਦੀ ਹੋ ਸਕੇ, ਨਹਾਓ ਜਾਂ ਸ਼ਾਵਰ ਲਵੋ
- ਸਾਬੁਣ ਅਤੇ ਪਾਣੀ ਨਾਲ ਨਹਾਓ, ਅਤੇ ਆਪਣੇ ਵਾਲਾਂ 'ਤੇ ਸ਼ੈਂਪੂ ਵਰਤੋ
- ਸਾਫ਼ ਕੱਪੜੇ ਪਹਿਨੋ


## ਬੀਮਾਰ ਹੋਣ 'ਤੇ ਕੀ ਕਰਨਾ ਚਾਹੀਦਾ ਹ



- ਜਦੋਂ ਤੁਸੀਂ ਉਹਨਾਂ ਪੌਦਿਆਂ, ਮਿੱਟੀ, ਸਿੰਜਾਈ ਦੇ ਪਾਣੀ, ਟ੍ਰੈਕਟਰਾਂ, ਅਤੇ ਹੋਰ ਉਪਕਰਨ ਨੂੰ ਛੂੰਹਦੇ ਹੋ, ਜਿਹਨਾਂ 'ਤੇ ਕੀਟਨਾਸ਼ਕਾਂ ਦਾ ਇਸਤੇਮਾਲ ਕੀਤਾ ਗਿਆ ਹੈ, ਤਾਂ ਕੀਟਨਾਸ਼ਕ ਤੁਹਾਡੀ ਚਮੜੀ ਅਤੇ ਕੱਪੜਿਆਂ, ਇਸਤੇਮਾਲ ਕੀਤੇ ਗਏ ਨਿੱਜੀ ਸੁਰੱਖਿਆ ਉਪਕਰਨ 'ਤੇ ਪੈ ਸਕਦੇ ਹਨ, ਜਾਂ ਤੁਸੀਂ ਛਿੜਕਾਅ ਦੇ ਵਹਾਅ ਦੇ ਪ੍ਰਭਾਵ ਵਿੱਚ ਆ ਜਾਂਦੇ ਹੋ
- ਉਹ ਤੁਹਾਡੇ ਕੱਪੜਿਆਂ ਤੋਂ ਤੁਹਾਡੀ ਚਮੜੀ 'ਤੇ ਲੱਗ ਸਕਦੇ ਹਨ
- ਕੁਝ ਕੀਟਨਾਸ਼ਕ ਅਸਾਨੀ ਨਾਲ ਤੁਹਾਡੀ ਚਮੜੀ ਅੰਦਰ ਜਾ ਕੇ ਤੁਹਾਨੂੰ ਬੀਮਾਰ ਕਰ ਸਕਦੇ ਹਨ
- ਜੇ ਤੁਸੀਂ ਕੰਮ 'ਤੇ ਬੀਮਾਰ ਹੋ (ਸਿਰ ਦਰਦ, ਪੇਟ ਦਰਦ, ਉਲਟੀ, ਚੱਕਰ ਆਉਣਾ) ਜਾਂ ਜ਼ਖਮੀ ਹੋ ਤਾਂ ਤੁਰੰਤ ਆਪਣੇ ਮਾਲਕ ਨੂੰ ਦੱਸੋ
- ਉਸਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਤੁਹਾਨੂੰ ਡਾਕਟਰ ਕੋਲ ਲਿਜਾਇਆ ਜਾਵੇ

ਜੇ ਕਿਸੇ ਬੀਮਾਰ ਜਾਂ ਜ਼ਖਮੀ ਹੋ ਤਾਂ ਡਾਕਟਰ ਕੋਲ ਜਾਣ ਵਾਸਤੇ ਡ੍ਰਾਈਵ ਕਰਨ ਲਈ ਕਿਸੇ ਹੋਰ ਨੂੰ ਨਾਲ ਲਵੋ। ਖੁਦ ਡ੍ਰਾਈਵ ਨਾ ਕਰੋ

## ਫਸਟ ਏਡ




- ਜੇ ਕੀਟਨਾਸ਼ਕ ਤੁਹਾਡੇ ਕੱਪੜਿਆਂ 'ਤੇ ਡੁੱਲ੍ਹ ਗਏ ਹਨ ਜਾਂ ਉਹਨਾਂ ਦੀ ਫੁਹਾਰ ਪੈ ਗਈ ਹੈ ਤਾਂ ਤੁਰੰਤ ਸਭ ਤੋਂ ਨੇੜੇ ਮੌਜੂਦ ਸਾਫ ਪਾਣੀ ਨਾਲ ਧੋਵੋ
- ਸਾਫ਼ ਕੱਪੜੇ ਬਦਲੋ
- ਧੋਣ ਤੋਂ ਬਾਅਦ ਮਾਲਕ ਨੂੰ ਕੀਟਨਾਸ਼ਕ ਡੁੱਲ੍ਹਣ ਬਾਰੇ ਦੱਸੋ



- ਜੇ ਤੁਹਾਡੀਆਂ ਅੱਖਾਂ ਜਾਂ ਚਮੜੀ 'ਤੇ ਖੁਜਲੀ ਜਾਂ ਜਲਨ ਸ਼ੁਰੂ ਹੋ ਜਾਵੇ ਤਾਂ ਉਹਨਾਂ ਨੂੰ ਧੋਵੋ
- ਬਹੁਤ ਸਾਰਾ ਪਾਣੀ ਇਸਤੇਮਾਲ ਕਰੋ
- ਆਪਣੇ ਮਾਲਕ ਨੂੰ ਦੱਸੋ ਕਿ ਤੁਹਾਨੂੰ ਡਾਕਟਰ ਕੋਲ ਜਾਣਾ ਚਾਹੀਦਾ ਹੈ

## ਹਮੇਸ਼ਾ ਯਾਦ ਰੱਖ



- ਕੀਟਨਾਸ਼ਕਾਂ ਨੂੰ ਕਦੇ ਵੀ ਭੋਜਨ ਜਾਂ ਪੀਣ ਵਾਲੇ ਪਦਾਰਥਾਂ ਦੇ ਕੰਟੇਨਰਾਂ ਵਿੱਚ ਨਾ ਪਾਓ।
- ਖੇਤ ਦੇ ਕੀਟਨਾਸ਼ਕਾਂ ਜਾਂ ਉਹਨਾਂ ਦੇ ਕੰਟੇਨਰਾਂ ਨੂੰ ਘਰ ਨਾ ਲੈ ਕੇ ਜਾਓ

## ਸੁਰੱਖਿਅਤ ਰਹ




- ਬੱਚਿਆਂ ਅਤੇ ਪਰੀਵਾਰ ਨੂੰ ਕੀਟਨਾਸ਼ਕਾਂ ਤੋਂ ਦੂਰ ਰੱਖੋ
- ਜਿਹੜੀ ਥਾਂ 'ਤੇ ਕੀਟਨਾਸ਼ਕ ਇਸਤੇਮਾਲ ਕੀਤਾ ਗਿਆ ਹੈ, ਉਹਨਾਂ ਤੋਂ ਅਤੇ ਇਸਤੇਮਾਲ ਤੋਂ ਬਾਹਰ ਵਾਲੇ ਜ਼ੋਨਾਂ ਤੋਂ ਦੂਰ ਰਹਿਣ ਬਾਰੇ ਹਦਾਇਤਾਂ ਦੀ ਪਾਲਣਾ ਕਰੋ

# ਕੀਟਨਾਸ਼ਕ ਸੁਰੱਖਿਆ ਜਾਣਕਾਰੀ

ਕੈਲੀਫ਼ੋਰਨੀਆ ਦੇ ਵਾਤਾਵਰਣ ਦੀ ਸੁਰੱਖਿਆ ਬਾਰੇ ਏਜੰਸੀ

**A No. 9**

# ਖੇਤਾਂ ਵਿੱਚ ਕੰਮ ਕਰਨ ਵਾਲੇ ਕਰਮਚਾਰੀਆਂ ਲਈ ਕੀਟਨਾਸ਼ਕ ਸੁਰੱਖਿਆ ਨਿਯਮ

**ਤੁਹਾਡੀ ਟ੍ਰੇਨਿੰਗ ਅਤੇ ਇਹ ਲੀਫ਼ਲੈਟ (ਪਰਚਾ) ਤੁਹਾਨੂੰ ਕੰਮ ਤੇ ਕੀਟਨਾਸ਼ਕਾਂ ਦੇ ਖ਼ਤਰਿਆਂ ਬਾਰੇ ਜਾਣਕਾਰੀ ਦਿੰਦਾ ਹੈ।** ਕੀਟਨਾਸ਼ਕ ਉਹ ਰਸਾਇਣ ਹਨ, ਜਿਨ੍ਹਾਂ ਦੀ ਵਰਤੋਂ ਬੇਲੋੜੇ ਕੀੜਿਆਂ, ਨਦੀਨ, ਪੌਦਿਆਂ ਦੀਆਂ ਬੀਮਾਰੀਆਂ ਨੂੰ ਕੰਟਰੋਲ ਕਰਨ ਲਈ ਕੀਤੀ ਜਾਂਦੀ ਹੈ। ਜੇ ਤੁਸੀਂ ਖੇਤ ਵਿੱਚ, ਜੰਗਲ, ਗ੍ਰੀਨਹਾਊਸ, ਜਾਂ ਨਰਸਰੀ ਵਿੱਚ ਕੰਮ ਕਰਦੇ ਹੋ, ਤਾਂ ਤੁਹਾਡੇ ਮਾਲਕ ਨੂੰ ਇਸਤੇਮਾਲ ਕੀਤੇ ਜਾਣ ਵਾਲੇ ਕੀਟਨਾਸ਼ਕਾਂ ਬਾਰੇ ਪਤਾ ਹੋਣਾ ਚਾਹੀਦਾ ਹੈ ਅਤੇ ਤੁਹਾਨੂੰ ਇਹ ਸਿੱਖਣ ਵਿੱਚ ਸਹਾਇਤਾ ਕਰਨੀ ਚਾਹੀਦੀ ਹੈ ਕਿ ਤੁਸੀਂ ਆਪਣੇ ਆਪ ਨੂੰ ਕਿਸ ਤਰ੍ਹਾਂ ਸੁਰੱਖਿਅਤ ਰੱਖਣਾ ਹੈ।

**ਖਾਦਾਂ, ਕੀਟਨਾਸ਼ਕ ਨਹੀਂ ਹਨ।**




## ਐਮਰਜੈਂਸੀ ਮੈਡੀਕਲ ਦੇਖਭਾਲ

ਤੁਹਾਡੇ ਮਾਲਕ ਨੂੰ ਉਸ ਥਾਂ 'ਤੇ ਤੁਹਾਡੇ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਮੈਡੀਕਲ ਦੇਖਭਾਲ ਲਈ ਯੋਜਨਾ ਬਣਾਉਣੀ ਚਾਹੀਦੀ ਹੈ, ਜਿੱਥੇ ਕੀਟਨਾਸ਼ਕਾਂ ਦਾ ਇਸਤੇਮਾਲ ਕੀਤਾ ਗਿਆ ਹੈ। ਤੁਹਾਨੂੰ ਜਾਂ ਤੁਹਾਡੇ ਸੁਪਰਵਾਈਜਰ ਨੂੰ ਡਾਕਟਰ ਦੇ ਸਥਾਨ ਬਾਰੇ ਪਤਾ ਹੋਣਾ ਚਾਹੀਦਾ ਹੈ। ਜੇ ਤੁਸੀਂ ਸੋਚਦੇ ਹੋ ਕਿ ਕੀਟਨਾਸ਼ਕ ਨਾਲ ਕੰਮ ਕਰਨ ਨਾਲ ਤੁਸੀਂ ਬੀਮਾਰ ਜਾਂ ਜ਼ਖਮੀ ਹੋਏ ਹੋ, ਤਾਂ ਫੌਰਨ ਆਪਣੇ ਮਾਲਕ ਨੂੰ ਦੱਸੋ। ਤੁਹਾਡੇ ਮਾਲਕ ਲਈ ਯਕੀਨੀ ਬਣਾਉਣਾ ਜ਼ਰੂਰੀ ਹੁੰਦਾ ਹੈ ਤੁਹਾਨੂੰ ਤੁਰੰਤ ਡਾਕਟਰ ਕੋਲ ਲਿਜਾਇਆ ਜਾਏ। ਜੇ ਤੁਸੀਂ ਕੰਮ ਤੇ ਬੀਮਾਰ ਹੋ ਜਾਓ ਤਾਂ ਖੁਦ ਡ੍ਰਾਈਵ ਕਰਕੇ ਡਾਕਟਰ ਕੋਲ ਨਾ ਜਾਓ।

**ਐਮਰਜੈਂਸੀ ਮੈਡੀਕਲ ਦੇਖਭਾਲ ਇੱਥੇ ਉਪਲਬਧ ਹੈ:**

ਨਾਮ: ______________________________

ਪਤਾ: ______________________________

ਟੈਲੀਫ਼ੋਨ: ______________________________

ਜੇ ਹੋਰ ਥਾਂ ਦੀ ਲੋੜ ਹੈ, ਤਾਂ ਤੁਹਾਡਾ ਮਾਲਕ ਇਸ ਲੀਫ਼ਲੈਟ ਨਾਲ ਮੈਡੀਕਲ ਸਹੂਲਤਾਂ ਦੀ ਸੂਚੀ ਵੀ ਨੱਥੀ ਕਰ ਸਕਦਾ ਹੈ ਅਤੇ ਲਿਖ ਸਕਦਾ ਹੈ, ਉੱਪਰ ਦਿੱਤੀ ਥਾਂ ਵਿੱਚ "ਨੱਥੀ ਕੀਤੀ ਸੂਚੀ ਦੇਖੋ"।

**ਯਾਦ ਰੱਖੋ**: ਜੇ ਤੁਸੀਂ ਕੰਮ ਤੇ ਕੀਟਨਾਸ਼ਕਾਂ ਨਾਲ ਬੀਮਾਰ ਜਾਂ ਜ਼ਖਮੀ ਹੋਏ ਹੋ, ਤਾਂ ਤੁਹਾਨੂੰ ਮੈਡੀਕਲ ਦੇਖਭਾਲ ਲਈ ਕੋਈ ਰਕਮ ਅਦਾ ਨਹੀਂ ਕਰਨੀ ਚਾਹੀਦੀ।

**ਮਾਲਕ:** ਤੁਹਾਡੇ ਫਾਰਮ ਮੁਲਾਜ਼ਮਾਂ ਲਈ ਇਹ ਖ਼ਤਰਿਆਂ ਬਾਰੇ ਸੂਚਨਾ ਦਾ ਲੀਫ਼ਲੈਟ (ਪਰਚਾ) ਹੈ। ਇਸ ਲੀਫ਼ਲੈਟ ਵਿੱਚ ਖਾਲੀ ਲਾਈਨਾਂ ਭਰੋ ਅਤੇ ਇਸ ਲੀਫ਼ਲੈਟ ਦੀ ਕਾਪੀ ਮੁਲਾਜ਼ਮਾਂ ਦੇ ਕੰਮ ਵਾਲੀ ਥਾਂ, ਸਾਰੀਆਂ ਸਥਾਈ ਸ਼ੁਧੀਕਰਨ ਸਹੂਲਤਾਂ, ਅਤੇ 11 ਜਾਂ ਵੱਧ ਮੁਲਾਜ਼ਮਾਂ ਵਾਲੀਆਂ ਸ਼ੁਧੀਕਰਨ ਸਹੂਲਤਾਂ ਤੇ ਲਗਾਓ। ਜੇ ਬੇਨਤੀ ਕੀਤੀ ਗਈ ਹੈ, ਤਾਂ ਤੁਹਾਡਾ ਉਸ ਭਾਸ਼ਾ ਵਿੱਚ ਮੁਲਾਜ਼ਮ ਨੂੰ ਇਹ ਲੀਫ਼ਲੈਟ ਪੜ੍ਹ ਕੇ ਸੁਣਾਉਣਾ ਜ਼ਰੂਰੀ ਹੈ, ਜੋ ਉਹ ਸਮਝਦਾ ਹੈ।

## ਜੇ ਮੈਂ ਕੰਮ 'ਤੇ ਬੀਮਾਰ ਮਹਿਸੂਸ ਕਰਾਂ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਕੀਟਨਾਸ਼ਕ ਤੁਹਾਨੂੰ ਬੀਮਾਰ ਕਰ ਸਕਦੇ ਹਨ। ਕੀਟਨਾਸ਼ਕਾਂ ਨਾਲ ਜ਼ਹਿਰ ਫੈਲਣ ਦੇ ਉਹੀ ਲੱਛਣ ਹੁੰਦੇ ਹਨ, ਜੋ ਗਰਮੀ ਤੋਂ ਤਣਾਅ ਜਾਂ ਬੀਮਾਰੀ, ਜੋ ਫਲੂ ਹੋਣ, ਜਾਂ ਹੋਰ ਆਮ ਬੀਮਾਰੀਆਂ ਦੇ ਹੁੰਦੇ ਹਨ। ਜੇ ਤੁਹਾਨੂੰ ਸਿਰ ਦਰਦ ਹੈ, ਚੱਕਰ ਆ ਰਹੇ ਹਨ, ਖਾਂਸੀ, ਅੱਖਾਂ ਵਿੱਚ ਦਰਦ, ਨਜ਼ਰ ਵਿੱਚ ਧੁੰਦਲਾਪਣ, ਅੱਖਾਂ ਵਿੱਚ ਜਲਨ, ਪੇਟ ਖਰਾਬ ਹੋਣਾ, ਫਲੂ ਵਰਗੇ ਲੱਛਣ, ਜਾਂ ਖੇਤਰ ਵਿੱਚ ਕੰਮ ਕਰਦਿਆਂ ਧੱਫੜ ਹੋ ਜਾਣ, ਤਾਂ ਆਪਣੇ ਮਾਲਕ ਨੂੰ ਕਹੋ ਕਿ ਉਹ ਤੁਹਾਨੂੰ ਡਾਕਟਰ ਕੋਲ ਲੈ ਜਾਏ। ਖੇਤ ਵਿੱਚੋਂ ਪੌਦਿਆਂ ਅਤੇ ਕੀੜਿਆਂ ਤੋਂ ਵੀ ਚਮੜੀ 'ਤੇ ਧੱਫੜ ਪੈ ਸਕਦੇ ਹਨ।

## ਮੇਰੇ ਹੱਕ ਕੀ ਹਨ?

ਤੁਹਾਡੇ ਮਾਲਕ ਨੂੰ, ਤੁਹਾਡੇ ਹੱਕ ਤੁਹਾਨੂੰ ਸਪਸ਼ਟ ਕਰਨੇ ਚਾਹੀਦੇ ਹਨ। ਜੇ ਤੁਹਾਨੂੰ ਆਪਣੇ ਹੱਕਾਂ ਨੂੰ ਸਮਝਣ ਵਿੱਚ ਸਹਾਇਤਾ ਦੀ ਲੋੜ ਹੈ, ਤਾਂ ਆਪਣੀ ਸਥਾਨਕ ਕਾਊਂਟੀ ਦੇ ਐਗਰੀਕਲਚਰ ਕਮਿਸ਼ਨਰ ਦੇ ਦਫ਼ਤਰ, ਸਥਾਨਕ ਕਾਨੂੰਨੀ ਸਹਾਇਤਾ ਅਤੇ ਕਾਮੇ ਦੇ ਅਧਿਕਾਰਾਂ ਸਬੰਧੀ ਸੰਗਠਨ, ਯੂਨੀਅਨ, ਜਾਂ ਕੀਟਨਾਸ਼ਕ ਦੇ ਕਾਨੂੰਨਾਂ ਅਤੇ ਨਿਯਮਾਂ ਬਾਰੇ ਵਿਭਾਗ (DPR) ਨੂੰ ਕਾਲ ਕਰੋ ਜਾਂ ਉਨ੍ਹਾਂ ਕੋਲ ਜਾਓ

### 1. ਜਾਣਨ ਦਾ ਹੱਕ

ਤੁਹਾਨੂੰ ਉਨ੍ਹਾਂ ਕੀਟਨਾਸ਼ਕਾਂ ਬਾਰੇ ਜਾਣਕਾਰੀ ਲੈਣ ਦਾ ਹੱਕ ਹੈ, ਜਿਨ੍ਹਾਂ ਦਾ ਤੁਸੀਂ ਹਾਲ ਵਿੱਚ ਹੀ ਕੰਮ ਕਰਦਿਆਂ ਇਸਤੇਮਾਲ ਕੀਤਾ ਹੈ:

- ਕੀਟਨਾਸ਼ਕ ਇਸਤੇਮਾਲ ਕੀਤੀ ਫਸਲ ਜਾਂ ਸਾਈਟ।
- ਜਿੱਥੇ ਕੀਟਨਾਸ਼ਕ ਇਸਤੇਮਾਲ ਕੀਤਾ ਗਿਆ ਸੀ।
- ਇਸਤੇਮਾਲ ਕਦੋਂ ਸ਼ੁਰੂ ਅਤੇ ਕਦੋਂ ਖ਼ਤਮ ਹੋਇਆ ਸੀ।
- ਦਾਖਲੇ ਦੀ ਪਾਬੰਦੀ ਵਾਲਾ ਵਕਫ਼ਾ (REI)।
- ਕੀਟਨਾਸ਼ਕ ਦਾ ਨਾਮ, ਸਰਗਰਮ ਤੱਤ, ਅਤੇ ਅਮਰੀਕੀ ਈਪੀਏ ਜਾਂ ਕੈਲੀਫ਼ੋਰਨੀਆ ਪੰਜੀਕਰਣ ਸੰਖਿਆ।
- ਇਸਤੇਮਾਲ ਕੀਤੇ ਕੀਟਨਾਸ਼ਕ ਲਈ ਸੁਰੱਖਿਆ ਡੇਟਾ ਸ਼ੀਟ।

ਤੁਹਾਡੇ ਮਾਲਕ ਨੂੰ ਤੁਹਾਨੂੰ ਦੱਸਣਾ ਚਾਹੀਦਾ ਹੈ ਕਿ ਇਹ ਜਾਣਕਾਰੀ ਕਿੱਥੇ ਰੱਖੀ ਜਾਂਦੀ ਹੈ, ਅਤੇ ਜੇ ਇਸ ਜਾਣਕਾਰੀ ਵਿੱਚ ਤਬਦੀਲੀ ਹੁੰਦੀ ਹੈ ਤਾਂ ਤੁਹਾਨੂੰ ਦੱਸਣਾ ਚਾਹੀਦਾ ਹੈ। ਹਾਲ ਵਿੱਚ ਹੋਏ ਇਸਤੇਮਾਲ ਲਈ, ਤੁਹਾਡੇ ਮਾਲਕ ਨੂੰ ਇਹ ਇੰਤਜ਼ਾਮ ਕਰਨਾ ਚਾਹੀਦਾ ਹੈ ਕਿ ਤੁਸੀਂ ਜਦੋਂ ਵੀ ਚਾਹੋ ਇਹ ਰਿਕਾਰਡ ਬਿਨਾਂ ਕਿਸੇ ਨੂੰ ਪੁੱਛੇ ਵੇਖ ਸਕਦੇ ਹੋ। ਤੁਹਾਨੂੰ ਪੁਰਾਣੇ ਰਿਕਾਰਡ ਵੇਖਣ ਲਈ ਕਹਿਣਾ ਪੈ ਸਕਦਾ ਹੈ।

**ਤੁਸੀਂ ਹਾਲ ਵਿੱਚ ਇਸਤੇਮਾਲ ਕੀਤੇ ਕੀਟਨਾਸ਼ਕ ਬਾਰੇ ਇੱਥੋਂ ਜਾਣਕਾਰੀ ਦੇਖ ਸਕਦੇ ਹੋ:**
(ਮਾਲਕ: ਇਹ ਇਸਤੇਮਾਲ-ਵਿਸ਼ੇਸ਼ ਜਾਣਕਾਰੀ ਹੈ)

ਪਤਾ: ____________________

____________________

ਜਾਣਕਾਰੀ ਕਿਵੇਂ ਪ੍ਰਾਪਤ ਕੀਤੀ ਜਾਏ: ____________________

____________________

ਜੇ ਹੋਰ ਥਾਂ ਦੀ ਲੋੜ ਹੈ, ਤਾਂ ਤੁਹਾਡਾ ਮਾਲਕ ਇਸ ਲੀਫ਼ਲੈਟ ਨਾਲ ਉਤਪਾਦਕ ਦੇ ਨਾਮ, ਪਤੇ, ਅਤੇ ਵਰਣਨਾਂ ਦੀ ਸੂਚੀ ਵੀ ਨੱਥੀ ਕਰ ਸਕਦਾ ਹੈ ਅਤੇ ਲਿਖ ਸਕਦਾ ਹੈ, ਉੱਪਰ ਦਿੱਤੀ ਥਾਂ ਵਿੱਚ “ਨੱਥੀ ਕੀਤੀ ਸੂਚੀ ਦੇਖੋ”।

ਸੁਰੱਖਿਆ ਸਬੰਧੀ ਸੁਝਾਅ

9

**ਖਾਣ, ਪੀਣ, ਚਿਉਂਗਮ**

**ਚਬਾਉਣ, ਆਪਣਾ ਫੋਨ ਵਰਤਣ, ਤੰਮਾਕੂਨੋਸ਼ੀ ਕਰਨ, ਜਾਂ ਬਾਥਰੂਮ ਜਾਣ ਤੋਂ ਪਹਿਲਾਂ ਹਮੇਸ਼ਾਂ ਆਪਣੇ ਹੱਥ ਧੋਵੋ।**

**ਜੇ ਤੁਸੀਂ ਮੰਨਦੇ ਹੋ ਕਿ ਕੀਟਨਾਸ਼ਕ ਨਾਲ ਕੰਮ ਕਰਨ ਨਾਲ ਤੁਸੀਂ ਬੀਮਾਰ ਹੋਏ ਹੋ, ਤਾਂ ਫੌਰਨ ਆਪਣੇ ਮਾਲਕ ਨੂੰ ਦੱਸੋ। ਤੁਹਾਡੇ ਮਾਲਕ ਲਈ ਯਕੀਨੀ ਬਣਾਉਣਾ ਜ਼ਰੂਰੀ ਹੁੰਦਾ ਹੈ ਤੁਹਾਨੂੰ ਤੁਰੰਤ ਡਾਕਟਰ ਕੋਲ ਲਿਜਾਇਆ ਜਾਏ।**

## 2. ਮੁਲਾਜ਼ਮ ਦੇ ਮੁਆਵਜ਼ੇ ਦਾ ਹੱਕ

ਜੇ ਤੁਸੀਂ **ਆਪਣੇ ਕੰਮ ਕਾਰਨ** ਬੀਮਾਰ ਜਾਂ ਜ਼ਖਮੀ ਹੋ ਜਾਂਦੇ ਹੋ, ਤਾਂ ਤੁਹਾਨੂੰ ਵਰਕਰ ਦੇ ਮੁਆਵਜ਼ੇ ਲਈ ਅਰਜ਼ੀ ਦਾਇਰ ਕਰਨ ਦਾ ਹੱਕ ਹੈ। ਮੁਲਾਜ਼ਮ ਦੇ ਮੁਆਵਜ਼ੇ ਵਿੱਚ ਤੁਹਾਨੂੰ ਤੁਹਾਡੇ ਮੈਡੀਕਲ ਬਿਲਾਂ ਦੀ ਅਦਾਇਗੀ ਕੀਤੀ ਜਾਏਗੀ ਅਤੇ ਕਦੀ-ਕਦੀਂ ਬਿਨਾਂ ਕੰਮ ਕਰਨ ਵਾਲੇ ਦਿਨਾਂ ਦੀ ਤਨਖ਼ਾਹ ਵੀ ਦਿੱਤੀ ਜਾਏਗੀ।




## 3. ਟ੍ਰੇਨਿੰਗ ਰਿਕਾਰਡਾਂ ਤੱਕ ਪਹੁੰਚ ਅਤੇ ਸਮੀਖਿਆ ਦਾ ਹੱਕ

ਤੁਹਾਨੂੰ ਆਪਣੇ ਮਾਲਕ ਤੋਂ ਆਪਣੇ ਸੁਰੱਖਿਆ ਟ੍ਰੇਨਿੰਗ ਰਿਕਾਰਡ ਵੇਖਣ ਦਾ ਹੱਕ ਹੈ। ਇਹ ਰਿਕਾਰਡ ਹੇਠ ਲਿਖੀ ਥਾਂ 'ਤੇ ਰੱਖੇ ਜਾਂਦੇ ਹਨ:

ਪਤਾ:

## 4. ਜਾਣਕਾਰੀ ਲੈਣ ਦਾ ਹੱਕ

ਤੁਸੀਂ, ਤੁਹਾਡਾ ਡਾਕਟਰ ਜਾਂ ਤੁਹਾਡਾ ਕਨੂੰਨੀ ਨੁਮਾਇੰਦਾ, ਉਤਪਾਦਕ ਜਾਂ ਤੁਹਾਡੇ ਮਾਲਕ ਤੋਂ ਜਾਣਕਾਰੀ ਲੈ ਸਕਦਾ ਹੈ। ਇਸ ਵਿੱਚ ਸ਼ਾਮਲ ਹੈ, ਕਿਹੜੇ ਕੀਟਨਾਸ਼ਕ ਖੇਤ ਵਿੱਚ ਇਸਤੇਮਾਲ ਕੀਤੇ ਗਏ ਸਨ ਜਾਂ ਹੋਰ ਕੀਟਨਾਸ਼ਕ ਰਿਕਾਰਡ, ਜੋ ਉਤਪਾਦਕ ਜਾਂ ਤੁਹਾਡੇ ਮਾਲਕ ਲਈ ਰੱਖਣੇ ਜ਼ਰੂਰੀ ਹਨ।

## 5. ਅਸੁਰੱਖਿਅਤ ਸਥਿਤੀਆਂ ਦੀ ਰਿਪੋਰਟ ਕਰਨ ਦਾ ਹੱਕ

ਮੁਲਾਜ਼ਮਾਂ ਲਈ ਕੀਟਨਾਸ਼ਕਾਂ ਤੋਂ ਸੁਰੱਖਿਆ ਕਾਉਂਟੀ ਦੇ ਖੇਤੀਬਾੜੀ ਕਮਿਸ਼ਨਰ ਅਤੇ DPR ਦੀ ਮੁੱਖ ਤਰਜੀਹ ਹੈ। ਤੁਹਾਨੂੰ ਸਜ਼ਾ ਮਿਲਣ ਜਾਂ ਨੌਕਰੀ ਤੋਂ ਕੱਢੇ ਜਾਣ ਦੇ ਡਰ ਤੋਂ ਬਿਨਾਂ ਅਸੁਰੱਖਿਅਤ ਕੀਟਨਾਸ਼ਕਾਂ ਨਾਲ ਕੰਮ ਕਰਨ ਦੀਆਂ ਸਥਿਤੀਆਂ ਅਤੇ ਸ਼ੱਕੀ ਕੀਟਨਾਸ਼ਕ ਦੇ ਇਸਤੇਮਾਲ ਸਬੰਧੀ ਉਲੰਘਣਾ ਦੀ ਰਿਪੋਰਟ ਕਰਨ ਦਾ ਹੱਕ ਹੈ। ਨਾ ਤਾਂ ਉਤਪਾਦਕ ਨੂੰ ਅਤੇ ਨਾ ਹੀ ਤੁਹਾਡੇ ਮਾਲਕ ਨੂੰ ਦੱਸਿਆ ਜਾਏਗਾ ਕਿ ਸ਼ਿਕਾਇਤ ਕਿਸਨੇ ਕੀਤੀ ਹੈ। ਸੁਰੱਖਿਆ ਸਮੱਸਿਆਵਾਂ ਬਾਰੇ ਤੁਹਾਡੇ ਬਿਆਨਾਂ ਦੀ ਫੌਰਨ ਜਾਂਚ ਹੋਣੀ ਚਾਹੀਦੀ ਹੈ।

## 6. ਬਦਲੇ ਤੋਂ ਸੁਰੱਖਿਆ ਦਾ ਹੱਕ

ਤੁਹਾਨੂੰ ਆਪਣੇ ਕਿਸੇ ਵੀ ਹੱਕਾਂ ਦਾ ਇਸਤੇਮਾਲ ਕਰਨ ਦੇ ਕਾਰਨ ਨੌਕਰੀ ਤੋਂ ਕੱਢੇ ਜਾਣ ਤੋਂ, ਪੱਖਪਾਤ ਤੋਂ, ਅਤੇ ਕਿਸੇ ਵੀ ਬਦਲੇ ਦੀ ਕਾਰਵਾਈ ਤੋਂ ਸੁਰੱਖਿਅਤ ਰੱਖਿਆ ਜਾਂਦਾ ਹੈ।

## ਮੈਂ ਕੰਮ 'ਤੇ ਖ਼ਤਰਿਆਂ ਬਾਰੇ ਕਿਸਨੂੰ ਦੱਸਾਂ?

ਤੁਹਾਡੇ ਕੰਮ ਵਾਲੀ ਥਾਂ 'ਤੇ ਸਿਰਫ਼ ਇੱਕੋ ਕਿਸਮ ਦਾ ਖ਼ਤਰਾ ਕੀਟਨਾਸ਼ਕ ਦਾ ਹੈ। ਜੇ ਤੁਹਾਨੂੰ ਕੀਟਨਾਸ਼ਕ ਸੁਰੱਖਿਆ ਬਾਰੇ ਸ਼ਿਕਾਇਤ ਹੈ, ਤਾਂ ਆਪਣੇ ਕਾਉਂਟੀ ਦੇ ਖੇਤੀਬਾੜੀ ਕਮਿਸ਼ਨਰ ਨੂੰ ਕਾਲ ਕਰੋ। ਤੁਹਾਡੀ ਸਥਾਨਕ ਕਾਉਂਟੀ ਦੇ ਖੇਤੀਬਾੜੀ ਕਮਿਸ਼ਨਰ ਦਾ ਦਫ਼ਤਰ ਇੱਥੇ ਹੈ:




ਪਤਾ:

ਟੇਲੀਫ਼ੋਨ:

ਜੇ ਤੁਹਾਨੂੰ ਸਿਹਤ ਅਤੇ ਸੁਰੱਖਿਆ ਸਬੰਧੀ ਦੂਜੀਆਂ ਸ਼ਿਕਾਇਤਾਂ (ਗੁਸਲਖ਼ਾਨਿਆਂ, ਗਰਮੀ ਤੋਂ ਤਣਾਓ, ਪੀਣ ਵਾਲੇ ਪਾਣੀ ਆਦਿ ਬਾਰੇ) ਹਨ, ਉਹਨਾਂ ਨੂੰ ਉਦਯੋਗਿਕ ਸਬੰਧਾਂ ਦੇ ਕੈਲੀਫ਼ੋਰਨੀਆ ਵਿਭਾਗ (California Department of Industrial Relations) Cal/OSHA ਦਫ਼ਤਰ ਕੋਲ ਇਸ ਨੰਬਰ ਤੇ ਕਾਲ ਕਰਕੇ ਦਰਜ ਕਰਾਓ: 1-844-522-6734.

## ਕੀਟਨਾਸ਼ਕਾਂ ਤੋਂ ਮੈਂ ਆਪਣੇ ਆਪ ਨੂੰ ਕਿਸ ਤਰ੍ਹਾਂ ਸੁਰੱਖਿਅਤ ਰੱਖ ਸਕਦਾ ਹਾਂ?

ਇਸ ਲੀਫ਼ਲੈਟ (ਪਰਚੇ) ਅਤੇ ਤੁਹਾਡੀ ਸੁਰੱਖਿਆ ਟ੍ਰੇਨਿੰਗ ਤੋਂ ਸਾਰੀ ਜਾਣਕਾਰੀ ਲਓ। **ਸੁਰੱਖਿਅਤ ਰਹੋ।** ਜਾਣੋ ਕਿ ਕਿੱਥੇ ਤੁਹਾਡੇ ਤੇ ਕੀਟਨਾਸ਼ਕਾਂ ਦਾ ਪ੍ਰਭਾਵ ਹੋ ਸਕਦਾ ਹੈ। ਜੇ ਤੁਹਾਡਾ ਮਾਲਕ ਤੁਹਾਨੂੰ ਖੇਤ ਤੋਂ ਦੂਰ ਰਹਿਣ ਲਈ ਕਹਿੰਦਾ ਹੈ, ਤਾਂ ਉੱਥੇ ਨਾ ਜਾਓ। ਜਿਸ ਉਪਕਰਨ ਨਾਲ ਕੀਟਨਾਸ਼ਕਾਂ ਦਾ ਇਸਤੇਮਾਲ ਕੀਤਾ ਜਾ ਰਿਹਾ ਹੋਵੇ, ਉਸਤੋਂ ਦੂਰ ਰਹੋ। ਖੇਤ ਵਿੱਚ ਕੰਮ ਕਰਨ ਤੋਂ ਬਾਅਦ, ਖਾਣ, ਪੀਣ, ਚਿਊਂਗਮ ਚਬਾਉਣ, ਆਪਣਾ ਫੋਨ ਵਰਤਣ, ਤੰਮਾਕੂਨੋਸ਼ੀ ਕਰਨ, ਜਾਂ ਬਾਥਰੂਮ ਜਾਣ ਤੋਂ ਪਹਿਲਾਂ ਹਮੇਸ਼ਾਂ ਆਪਣੇ ਹੱਥ ਧੋਵੋ। ਦਿਨ ਦੇ ਅਖ਼ੀਰ ਵਿੱਚ, ਆਪਣੇ ਘਰ ਵਿੱਚ ਜਾਣ ਤੋਂ ਪਹਿਲਾਂ ਆਪਣੇ ਬੂਟ ਜਾਂ ਜੁੱਤੀਆਂ ਉਤਾਰੋ ਅਤੇ ਆਪਣੇ ਕੰਮ ਦੇ ਕੱਪੜੇ ਉਤਾਰ ਦਿਓ। ਕੰਮ ਕਰਨ ਤੋਂ ਬਾਅਦ ਜਿੰਨੀ ਜਲਦੀ ਹੋ ਸਕੇ, ਸਾਬੁਣ ਅਤੇ ਸ਼ੈਂਪੂ ਨਾਲ ਨਹਾਓ ਅਤੇ ਵਾਲ ਧੋਵੋ ਅਤੇ ਸਾਫ਼ ਕੱਪੜੇ ਬਦਲ ਲਵੋ। ਦੁਬਾਰਾ ਪਹਿਨਣ ਤੋਂ ਪਹਿਲਾਂ ਆਪਣੇ ਕੰਮ ਦੇ ਕੱਪੜੇ ਧੋਵੋ।



## ਜਦੋਂ ਮੈਂ ਖੇਤ ਵਿੱਚ ਕੰਮ ਕਰਦਾ ਹਾਂ, ਤਾਂ ਮੇਰੇ ਮਾਲਕ ਨੂੰ ਮੈਨੂੰ ਹੱਥ ਮੂੰਹ ਧੋਣ ਲਈ ਕੀ ਦੇਣਾ ਚਾਹੀਦਾ ਹੈ?

ਜਦੋਂ ਤੁਸੀਂ ਖੇਤ ਵਿੱਚ ਕੰਮ ਕਰਦੇ ਹੋ, ਜਿਸ 'ਤੇ ਕੀਟਨਾਸ਼ਕ ਇਸਤੇਮਾਲ ਕੀਤੇ ਗਏ ਹਨ, ਉੱਥੇ ਸਾਬੁਣ, ਸਾਫ਼ ਪਾਣੀ, ਅਤੇ ਪੇਪਰ ਤੌਲੀਏ ਹੋਣੇ ਚਾਹੀਦੇ ਹਨ। ਇਹ ਤੁਹਾਡੇ ਹੱਥਾਂ ਅਤੇ ਮੂੰਹ ਧੋਣ ਲਈ, ਅਤੇ ਐਮਰਜੈਂਸੀ ਵਿੱਚ ਅੱਖਾਂ ਵਿੱਚ ਛਿੱਟੇ ਮਾਰਨ ਲਈ ਹੈ। ਤੁਹਾਨੂੰ ਖੇਤ ਵਿੱਚ ਕੰਮ ਕਰਨ ਤੋਂ ਪਹਿਲਾਂ ਦੱਸਿਆ ਜਾਣਾ ਚਾਹੀਦਾ ਹੈ ਕਿ ਇਹ ਚੀਜ਼ਾਂ ਕਿੱਥੇ ਹਨ। ਜੇ ਤੁਹਾਡੇ ਤੇ ਕੀਟਨਾਸ਼ਕ ਡੁੱਲ੍ਹ ਜਾਂ ਪੈ ਗਿਆ ਹੈ, ਤਾਂ ਇਸ ਸਾਮਾਨ ਨਾਲ ਫੌਰਨ ਧੋਵੋ, ਅਤੇ ਆਪਣੇ ਮਾਲਕ ਨੂੰ ਦੱਸੋ।

## ਮੈਨੂੰ ਟ੍ਰੇਨਿੰਗ ਦੀ ਕਦੋਂ ਲੋੜ ਹੈ ਅਤੇ ਇਸ ਵਿੱਚ ਕੀ ਸ਼ਾਮਲ ਹੁੰਦਾ ਹੈ?

ਜਿੱਥੇ ਕੀਟਨਾਸ਼ਕਾਂ ਦਾ ਹਾਲ ਵਿੱਚ ਹੀ ਇਸਤੇਮਾਲ ਕੀਤਾ ਗਿਆ ਹੈ, ਉਨ੍ਹਾਂ ਖੇਤਾਂ ਵਿੱਚ ਕੰਮ ਕਰਨ ਤੋਂ ਪਹਿਲਾਂ ਤੁਹਾਨੂੰ ਟ੍ਰੇਨਿੰਗ ਮਿਲਣੀ ਚਾਹੀਦੀ ਹੈ ਅਤੇ ਇਸ ਤੋਂ ਬਾਅਦ ਹਰ ਸਾਲ ਮੁੜ ਟ੍ਰੇਨਿੰਗ ਦੇਣੀ ਚਾਹੀਦੀ ਹੈ। ਕੀਟਨਾਸ਼ਕ ਸੁਰੱਖਿਆ ਟ੍ਰੇਨਿੰਗ ਤੁਹਾਡੀ ਸਮਝ ਵਿੱਚ ਆਉਣ ਵਾਲੀ ਭਾਸ਼ਾ ਵਿੱਚ ਹੋਣੀ ਚਾਹੀਦੀ ਹੈ, ਅਤੇ ਯੋਗ ਟ੍ਰੇਨਰ ਵੱਲੋਂ ਦਿੱਤੀ ਜਾਣੀ ਚਾਹੀਦੀ ਹੈ। ਤੁਹਾਨੂੰ ਬਿਨਾਂ ਵਿਘਨ ਵਾਲੇ ਕਿਸੇ ਸਥਾਨ 'ਤੇ ਸਿੱਖਿਅਤ ਕੀਤਾ ਜਾਣਾ ਚਾਹੀਦਾ ਹੈ ਅਤੇ ਟ੍ਰੇਨਿੰਗ ਦੇ ਸਮੇਂ ਤੁਹਾਡਾ ਟ੍ਰੇਨਿੰਗ ਹਰ ਵੇਲੇ ਤੁਹਾਡੇ ਨਾਲ ਹੋਣਾ ਚਾਹੀਦਾ ਹੈ। ਤੁਹਾਡੇ ਮਾਲਕ ਨੂੰ ਤੁਹਾਡੀ ਟ੍ਰੇਨਿੰਗ ਦਾ ਰਿਕਾਰਡ ਰੱਖਣਾ ਚਾਹੀਦਾ ਹੈ ਅਤੇ ਕਿਸੇ ਵੀ ਸਮੇਂ ਤੁਹਾਡੇ ਮੰਗਣ 'ਤੇ ਤੁਹਾਡੇ ਲਈ ਉਪਲਬਧ ਕਰਾਉਣਾ ਚਾਹੀਦਾ ਹੈ।

ਤੁਹਾਡੇ ਮਾਲਕ ਨੂੰ ਤੁਹਾਨੂੰ ਇਨ੍ਹਾਂ ਬਾਰੇ ਸਿੱਖਿਅਤ ਕਰਨਾ ਚਾਹੀਦਾ ਹੈ:

### 1. ਸਿਹਤ ਸਬੰਧੀ ਪ੍ਰਭਾਵ

- ਕੀਟਨਾਸ਼ਕ ਤੁਹਾਨੂੰ ਕਿਸ ਤਰ੍ਹਾਂ ਜ਼ਖਮੀ ਕਰ ਸਕਦੇ ਹਨ ਜਾਂ ਤੁਹਾਨੂੰ ਜਾਂ ਤੁਹਾਡੇ ਪਰਿਵਾਰ ਨੂੰ ਕਿਸ ਤਰ੍ਹਾਂ ਬੀਮਾਰ ਕਰ ਸਕਦੇ ਹਨ।
- ਕੀਟਨਾਸ਼ਕਾਂ ਤੋਂ ਆਪਣੇ ਆਪ ਦੀ ਅਤੇ ਆਪਣੇ ਪਰਿਵਾਰ ਦੀ ਸੁਰੱਖਿਆ ਕਿਸ ਤਰ੍ਹਾਂ ਕਰਨੀ ਹੈ (ਖ਼ਾਸ ਕਰਕੇ ਬੱਚਿਆਂ ਅਤੇ ਗਰਭਵਤੀ ਇਸਤਰੀਆਂ ਦੀ)।
- ਜੇ ਕੀਟਨਾਸ਼ਕ ਤੁਹਾਡੇ ਸਰੀਰ ਦੇ ਅੰਦਰ ਚਲੇ ਜਾਣ ਜਾਂ ਤੁਹਾਡੇ ਉੱਤੇ ਪੈ ਜਾਣ ਤਾਂ ਤੁਹਾਨੂੰ ਕਿਹੋ ਜਿਹਾ ਮਹਿਸੂਸ ਹੋ ਸਕਦਾ ਹੈ ਜਾਂ ਤੁਸੀਂ ਕਿਸ ਤਰ੍ਹਾਂ ਦਿਖਾਈ ਦੇ ਸਕਦੇ ਹੋ।
- ਕੀਟਨਾਸ਼ਕ ਤੁਹਾਡੇ ਸਰੀਰ ਅੰਦਰ ਕਿਸ ਤਰ੍ਹਾਂ ਜਾ ਸਕਦੇ ਹਨ।
- ਜੇ ਬਹੁਤੀ ਗਰਮੀ ਨਾਲ ਤੁਸੀਂ ਬੀਮਾਰ ਹੋ ਜਾਂਦੇ ਹੋ ਤਾਂ ਤੁਸੀਂ ਕਿਸ ਤਰ੍ਹਾਂ ਮਹਿਸੂਸ ਕਰੋਗੇ ਜਾਂ ਦਿੱਸੋਗੇ ਅਤੇ ਮੁੱਢਲੀ ਡਾਕਟਰੀ ਸਹਾਇਤਾ ਲਈ ਕੀ ਕਰੋਗੇ।

## 2. ਕੀਟਨਾਸ਼ਕ ਤੋਂ ਸੁਰੱਖਿਆ

- ਤੁਹਾਡੇ ਕੰਮ ਦੀਆਂ ਥਾਵਾਂ, ਜਿੱਥੇ ਕੀਟਨਾਸ਼ਕ ਤੁਹਾਡੇ ਅੰਦਰ ਜਾ ਸਕਦਾ ਹੈ ਜਾਂ ਤੁਹਾਡੇ 'ਤੇ ਪੈ ਸਕਦਾ ਹੈ।
- ਫਸਟ ਏਡ ਅਤੇ ਐਮਰਜੈਂਸੀ ਵਿੱਚ ਕੀਟਨਾਸ਼ਕ ਧੋਣ ਦੇ ਤਰੀਕੇ, ਅੱਖਾਂ ਨੂੰ ਧੋਣ ਸਮੇਤ।
- ਐਮਰਜੈਂਸੀ ਮੈਡੀਕਲ ਦੇਖਭਾਲ ਕਿਵੇਂ, ਕਦੋਂ, ਅਤੇ ਕਿੱਥੋਂ ਪ੍ਰਾਪਤ ਕੀਤੀ ਜਾਵੇ।
- ਕੰਮ ਤੇ ਕਿਹੋ ਜਿਹੇ ਕੱਪੜੇ ਪਹਿਨੇ ਜਾਣ ਅਤੇ ਆਪਣੇ ਕੰਮ ਦੇ ਕੱਪੜਿਆਂ ਨੂੰ ਕਿਵੇਂ ਧੋਣਾ ਹੈ।
- ਕੰਮ ਤੋਂ ਬਾਅਦ ਤੁਹਾਨੂੰ ਕੀਟਨਾਸ਼ਕ ਨੂੰ ਕਿਉਂ ਅਤੇ ਕਿਵੇਂ ਧੋਣਾ ਚਾਹੀਦਾ ਹੈ।
- ਤੁਹਾਨੂੰ ਕੀਟਨਾਸ਼ਕਾਂ ਨੂੰ ਕੰਮ ਤੋਂ ਘਰ ਕਿਉਂ ਨਹੀਂ ਲਿਜਾਣਾ ਚਾਹੀਦਾ।
- ਦਰਸਾਏ ਗਏ ਸੰਕੇਤਾਂ ਅਤੇ ਪ੍ਰਤਿਬੰਧਤ ਪ੍ਰਵੇਸ਼ ਅੰਤਰਾਲ ਦਾ ਕੀ ਮਤਲਬ ਹੈ।
- ਇਸਦਾ ਮਤਲਬ ਹੈ ਕਿ ਤੁਹਾਡੇ ਮਾਲਕ ਨੂੰ ਤੁਹਾਨੂੰ ਇਸਤੇਮਾਲ ਦੇ ਪਾਬੰਦੀ ਵਾਲੀਆਂ ਥਾਵਾਂ ਤੋਂ ਬਾਹਰ ਰੱਖਣਾ ਚਾਹੀਦਾ ਹੈ।
- ਪ੍ਰਤਿਬੰਧਿਤ ਪ੍ਰਵੇਸ਼ ਅੰਤਰਾਲ ਦੌਰਾਨ ਖੇਤ ਵਿੱਚ ਦਾਖਲ ਹੋਣ ਤੋਂ ਪਹਿਲਾਂ ਤੁਹਾਡੇ ਰੁਜ਼ਗਾਰਦਾਤਾ ਨੂੰ ਤੁਹਾਨੂੰ ਕੀ ਮੁਹੱਈਆ ਕਰਵਾਉਣਾ ਲਾਜ਼ਮੀ ਹੈ।
- ਜਿੱਥੇ ਇਸ ਪਰਚੇ ਦੀਆਂ ਭਰੀਆਂ ਹੋਈਆਂ ਕਾਪੀਆਂ ਪ੍ਰਦਰਸ਼ਿਤ ਕੀਤੀਆਂ ਜਾਂਦੀਆਂ ਹਨ ਅਤੇ ਜਿੱਥੇ ਕੀਟਨਾਸ਼ਕਾਂ ਦੇ ਹੋਰ ਰਿਕਾਰਡ ਰੱਖੇ ਜਾਂਦੇ ਹਨ।
- ਇੱਕ ਸੇਫਟੀ ਡਾਟਾ ਸ਼ੀਟ (SDS) ਵਿੱਚ ਕੀ ਹੁੰਦਾ ਹੈ, ਜਿਸ ਵਿੱਚ ਖ਼ਤਰੇ, ਡਾਕਟਰੀ ਦੇਖਭਾਲ, ਅਤੇ ਹੋਰ ਜਾਣਕਾਰੀ ਸ਼ਾਮਲ ਹੈ।
- ਸ਼ੱਕੀ ਕੀਟਨਾਸ਼ਕ ਉਲੰਘਣਾਂ ਦੀ ਰਿਪੋਰਟ ਕਿਵੇਂ ਕਰਨੀ ਹੈ
- ਇੱਕ ਮੁਲਾਜ਼ਮ ਵਜੋਂ ਤੁਹਾਡੇ ਹੱਕ।

**ਕੰਮ ਵਾਲੇ ਕਪੜਿਆਂ ਨੂੰ ਬਾਕੀ ਦੇ ਮੈਲੇ ਕਪੜਿਆਂ ਤੋਂ ਵੱਖ ਕਰਕੇ ਧੋਵੋ।**

ਤੁਹਾਡੀ ਟ੍ਰੇਨਿੰਗ ਬਾਰੇ ਜਾਣਕਾਰੀ ਲਿਖਤੀ ਰੂਪ ਵਿੱਚ ਹੋਣੀ ਚਾਹੀਦੀ ਹੈ। ਤੁਹਾਨੂੰ ਦਸਤਖ਼ਤ ਕਰਨ ਲਈ ਇੱਕ ਕਾਗਜ਼ ਦਿੱਤਾ ਜਾਏਗਾ ਕਿ ਤੁਹਾਨੂੰ ਟ੍ਰੇਨਿੰਗ ਦਿੱਤੀ ਗਈ ਹੈ। ਇਸ 'ਤੇ ਟ੍ਰੇਨਿੰਗ ਖ਼ਤਮ ਹੋਣ ਅਤੇ ਜੋ ਕੁਝ ਤੁਸੀਂ ਸੁਣਿਆ ਹੈ, ਉਸ ਨੂੰ ਪੂਰੀ ਤਰ੍ਹਾਂ ਸਮਝ ਲੈਣ ਤੋਂ ਬਾਅਦ ਹੀ ਦਸਤਖ਼ਤ ਕਰੋ।

ਤੁਹਾਨੂੰ ਉਦੋਂ ਤੱਕ ਕੀਟਨਾਸ਼ਕਾਂ ਨੂੰ ਰਲਾਉਣ, ਲੱਦਣ, ਜਾਂ ਇਸਤੇਮਾਲ ਕਰਨ ਲਈ ਨਹੀਂ ਕਿਹਾ ਜਾ ਸਕਦਾ, ਜਦੋਂ ਤੱਕ ਤੁਹਾਡੇ ਮਾਲਕ ਵੱਲੋਂ ਉਸ ਕੰਮ ਨੂੰ ਸੁਰੱਖਿਅਤ ਤਰੀਕੇ ਨਾਲ ਕਰਨ ਲਈ ਤੁਹਾਨੂੰ ਟ੍ਰੇਨਿੰਗ ਨਹੀਂ ਦਿੱਤੀ ਜਾਂਦੀ (A-8 ਸੁਰੱਖਿਆ ਲੀਫ਼ਲੈਟ ਵਿੱਚ ਕੀਟਨਾਸ਼ਕਾਂ ਨੂੰ ਸੁਰੱਖਿਅਤ ਤਰੀਕੇ ਨਾਲ ਇਸਤੇਮਾਲ ਕਰਨ ਬਾਰੇ ਹੋਰ ਜਾਣਕਾਰੀ ਹੈ)।

## ਮੇਰੇ ਨੇੜੇ ਕੀਟਨਾਸ਼ਕਾਂ ਦੇ ਇਸਤੇਮਾਲ ਬਾਰੇ ਮੈਨੂੰ ਕੀ ਦੱਸਿਆ ਜਾਏਗਾ?

ਤੁਹਾਡੇ ਮਾਲਕ ਨੂੰ ਤੁਹਾਡੇ ਨੇੜੇ ਦੀ ਪ੍ਰਾਪਰਟੀ ਤੇ ਕੀਟਨਾਸ਼ਕਾਂ ਦੇ ਇਸਤੇਮਾਲ ਬਾਰੇ ਦੱਸਣਾ ਚਾਹੀਦਾ ਹੈ ਜਾਂ ਉਤਪਾਦਕ ਨੂੰ ਉਨ੍ਹਾਂ ਖੇਤਾਂ ਵਿੱਚ ਚੇਤਾਵਨੀ ਸੰਕੇਤਕ ਚਿੰਨ੍ਹ ਲਾਉਣੇ ਚਾਹੀਦੇ ਹਨ, ਜਿਨ੍ਹਾਂ 'ਤੇ ਕੀਟਨਾਸ਼ਕਾਂ ਦਾ ਇਸਤੇਮਾਲ ਹੋ ਰਿਹਾ ਹੈ। ਜਦੋਂ ਤੁਹਾਡੇ ਨੇੜੇ ਕਿਸੇ ਪ੍ਰਾਪਰਟੀ 'ਤੇ ਕੀਟਨਾਸ਼ਕਾਂ ਦਾ ਇਸਤੇਮਾਲ ਕੀਤਾ ਜਾ ਰਿਹਾ ਹੋਵੇ, ਤਾਂ ਤੁਹਾਡੇ ਮਾਲਕ ਨੂੰ ਤੁਹਾਨੂੰ ਦੱਸਣਾ ਚਾਹੀਦਾ ਹੈ:

| ਇਸਤੇਮਾਲ ਤੋਂ ਪਹਿਲਾਂ | ਇਸਤੇਮਾਲ ਤੋਂ ਬਾਅਦ |
|---|---|
| ਇਸਤੇਮਾਲ ਦੀ ਤਾਰੀਖ | ਇਸਤੇਮਾਲ ਕੀਤੇ ਜਾਣ ਵਾਲੇ ਖੇਤਰ ਦਾ ਸਥਾਨ ਅਤੇ ਵਰਣਨ |
| ਇਸਤੇਮਾਲ ਕੀਤੇ ਜਾਣ ਵਾਲੇ ਖੇਤਰ ਦਾ ਸਥਾਨ ਅਤੇ ਵਰਣਨ | ਪ੍ਰਵੇਸ਼ ਪ੍ਰਤੀਬੰਧਤ ਹੋਣ ਦੀਆਂ ਤਾਰੀਖਾਂ ਅਤੇ ਸਮਾਂ |
| ਖੇਤ ਅਤੇ ਇਸਤੇਮਾਲ ਵਾਲੀਆਂ ਪਾਬੰਦੀ ਦੀਆਂ ਥਾਵਾਂ ਵਿੱਚ ਪਰਵੇਸ਼ ਨਾ ਕਰਨਾ | ਖੇਤ ਤੋਂ ਦੂਰ ਰਹਿਣਾ, ਜਦੋਂ ਤੱਕ ਉੱਥੇ ਜਾਣ ਦੀ ਪਾਬੰਦੀ ਹਟ ਨਾ ਜਾਵੇ |




*ਜੇ ਤੁਸੀ ਅਜਿਹਾ ਸੰਕੇਤ ਦੇਖੋ, ਤਾਂ ਇਸਦਾ ਮਤਲਬ ਕਿ ਤੁਸੀ ਦੂਰ ਰਹੋ!*

ਇਹ ਤੁਹਾਡੀ ਸਮਝ ਆਉਣ ਵਾਲੀ ਭਾਸ਼ਾ ਵਿੱਚ ਹੋਣਾ ਚਾਹੀਦਾ ਹੈ। ਖੇਤਾਂ ਅਤੇ ਗ੍ਰੀਨਹਾਊਸ, ਹੂਪ ਹਾਊਸ, ਜਾਂ ਮਸ਼ਰੂਮ ਹਾਊਸ ਜਿਹੀਆਂ ਬੰਦ ਥਾਵਾਂ 'ਤੇ ਕੀਟਨਾਸ਼ਕਾਂ ਦੇ ਇਸਤੇਮਾਲ ਤੋਂ ਦੂਰ ਰਹਿਣ ਬਾਰੇ ਆਪਣੇ ਮਾਲਕ ਦੀਆਂ ਹਿਦਾਇਤਾਂ ਦੀ ਪਾਲਣਾ ਕਰੋ।

## “ਦਾਖਲੇ ਦੀ ਪਾਬੰਦੀ ਵਾਲਾ ਵਕਫ਼ਾ” (REI) ਦਾ ਕੀ ਮਤਲਬ ਹੈ?

REI ਕੀਟਨਾਸ਼ਕ ਇਸਤੇਮਾਲ ਕੀਤੇ ਜਾਣ ਤੋਂ ਬਾਅਦ ਦਾ ਉਹ ਸਮਾਂ ਹੈ, ਜਿਸ ਦੌਰਾਨ ਖੇਤ ਵਿੱਚ ਜਾਣ ਦੀ ਇਜਾਜ਼ਤ ਨਹੀਂ ਹੁੰਦੀ। ਜੇ ਤੁਸੀਂ REI ਦੇ ਦੌਰਾਨ ਪੌਦੇ ਨੂੰ ਛੂਹੋਗੇ, ਤਾਂ ਤੁਸੀਂ ਬੀਮਾਰ ਪੈ ਸਕਦੇ ਹੋ। ਪੌਦੇ 'ਤੇ ਕੀਟਨਾਸ਼ਕ ਇਸਤੇਮਾਲ ਕੀਤੇ ਜਾਣ ਤੋਂ ਬਾਅਦ, ਇਹ ਸਮਾਂ ਸ਼ੁਰੂ ਹੋ ਜਾਂਦਾ ਹੈ। ਪਰ ਇਹ ਵੱਧ ਸਮਾਂ ਲੈਂਦਾ ਹੈ, ਇਸ ਲਈ ਤੁਹਾਨੂੰ ਉਸ ਖੇਤ ਜਾਂ ਬੰਦ ਜਗ੍ਹਾ ਤੋਂ ਦੂਰ ਰਹਿਣਾ ਚਾਹੀਦਾ ਹੈ, ਜਦੋਂ ਤੱਕ REI ਦਾ ਪ੍ਰਭਾਵ ਖ਼ਤਮ ਨਾ ਹੋ ਜਾਏ ਅਤੇ ਤੁਹਾਡਾ ਮਾਲਕ ਜਾਂ ਕਿਸਾਨ ਤੁਹਾਨੂੰ ਇਹ ਨਹੀਂ ਦੱਸਦਾ ਕਿ ਖੇਤ ਜਾਂ ਬੰਦ ਜਗ੍ਹਾ ਵਿੱਚ ਕੰਮ ਕਰਨਾ ਸੁਰੱਖਿਅਤ ਹੈ।




## ਕੀ ਮੈਂ ਕਦੀ ਉਸ ਖੇਤ ਦੇ ਅੰਦਰ ਜਾ ਸਕਦਾ ਹਾਂ, ਜੋ REI ਦੇ ਪ੍ਰਭਾਵ ਹੇਠਾਂ ਹੈ?

ਆਮ ਤੌਰ ਤੇ ਤੁਹਾਨੂੰ ਉਸ ਖੇਤ ਦੇ ਅੰਦਰ ਨਹੀਂ ਜਾਣਾ ਚਾਹੀਦਾ, ਜਦੋਂ ਤੱਕ REI ਦਾ ਪ੍ਰਭਾਵ ਖ਼ਤਮ ਨਾ ਹੋ ਜਾਏ ਅਤੇ ਤੁਹਾਡਾ ਮਾਲਕ ਜਾਂ ਕਿਸਾਨ ਤੁਹਾਨੂੰ ਇਹ ਨਹੀਂ ਦੱਸਦਾ ਕਿ ਤੁਸੀਂ ਖੇਤ ਵਿੱਚ ਜਾ ਸਕਦੇ ਹੋ। ਕਦੀ ਵੀ ਉਸ ਖੇਤ ਵਿੱਚ ਚੱਲੋ ਜਾਂ ਬੈਠੋ ਨਾ, ਜਿੱਥੇ ਕੀਟਨਾਸ਼ਕਾਂ ਦਾ ਛਿੜਕਾਅ ਕੀਤਾ ਗਿਆ ਹੈ। ਤੁਹਾਡਾ ਮਾਲਕ ਕੀਟਨਾਸ਼ਕਾਂ ਦਾ ਅਤੇ ਤੁਹਾਡੇ ਕੰਮ ਦਾ ਸਮਾਂ ਤੈਅ ਕਰਨ ਦੀ ਕੋਸ਼ਿਸ਼ ਕਰੇਗਾ, ਤਾਂ ਜੋ ਤੁਸੀਂ ਛਿੜਕਾਅ ਵਾਲੇ ਖੇਤਾਂ ਅੰਦਰ ਨਾ ਜਾਓ। ਆਮ ਤੌਰ 'ਤੇ, ਜੇ ਚੇਤਾਵਨੀ ਸੰਕੇਤਕ ਚਿੰਨ੍ਹ ਲੱਗੇ ਹੋਣ ਤਾਂ ਖੇਤ ਜਾਂ ਬੰਦ ਜਗ੍ਹਾ ਅੰਦਰ ਨਾ ਜਾਣ ਬਾਰੇ ਨਹੀਂ ਦੱਸਿਆ ਜਾਂਦਾ।

ਥੋੜ੍ਹੇ ਜਿਹੇ ਕੁਝ ਅਜਿਹੇ ਸਮੇਂ ਹਨ, ਜਦੋਂ ਤੁਸੀਂ REI ਦੇ ਦੌਰਾਨ ਖੇਤ ਜਾਂ ਬੰਦ ਜਗ੍ਹਾ ਅੰਦਰ ਜਾ ਸਕਦੇ ਹੋ। ਪਰ ਫਿਰ ਵੀ, ਤੁਸੀਂ ਕੀਟਨਾਸ਼ਕ ਦਾ ਇਸਤੇਮਾਲ ਖ਼ਤਮ ਹੋਣ ਤੋਂ ਘੱਟੋ ਘੱਟ **ਚਾਰ ਘੰਟੇ** ਬਾਅਦ ਵਿੱਚ ਖੇਤ ਵਿੱਚ ਜਾ ਸਕਦੇ ਹੋ। REI ਦੇ ਦੌਰਾਨ ਖੇਤਰ ਅੰਦਰ ਜਾਣ ਲਈ ਤੁਹਾਡੀ ਉਮਰ ਘੱਟੋ ਘੱਟ 18 ਸਾਲ ਹੋਣੀ ਚਾਹੀਦੀ ਹੈ। ਹਰ ਵਾਰ ਖੇਤ ਵਿੱਚ ਜਾਣ ਤੋਂ ਪਹਿਲਾਂ, ਤੁਹਾਡੇ ਰੁਜ਼ਗਾਰਦਾਤਾ ਨੂੰ ਤੁਹਾਨੂੰ ਵਾਧੂ ਸਿਖਲਾਈ ਅਤੇ ਸੁਰੱਖਿਆ ਵਾਲੇ ਕੱਪੜੇ ਜਾਂ ਉਪਕਰਨ ਦੇਣੇ ਚਾਹੀਦੇ ਹਨ। ਉਹਨਾਂ ਨੂੰ ਤੁਹਾਨੂੰ ਇਹ ਵੀ ਦੱਸਣਾ ਲਾਜ਼ਮੀ ਹੈ ਕਿ ਤੁਸੀਂ ਇੱਕ ਦਿਨ ਵਿੱਚ ਉਸ ਖੇਤ ਵਿੱਚ ਕਿੰਨੀ ਦੇਰ ਕੰਮ ਕਰ ਸਕਦੇ ਹੋ। ਕੁਝ ਕਿਸਮ ਦੇ ਕੰਮਾਂ ਲਈ, ਤੁਹਾਨੂੰ ਉਸ ਖੇਤ ਵਿੱਚ ਸਿਰਫ਼ ਥੋੜ੍ਹਾ ਸਮਾਂ ਰਹਿਣ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ।




## ਜੇ ਮੈਨੂੰ REI ਦੇ ਦੌਰਾਨ ਖੇਤ ਵਿੱਚ ਜਾਣਾ ਪਵੇ ਤਾਂ ਮੈਨੂੰ ਕੀ ਕੁਝ ਜਾਣਨ ਦੀ ਜ਼ਰੂਰਤ ਹੈ?

ਤੁਹਾਡੇ ਮਾਲਕ ਨੂੰ ਹਰ ਵਾਰ ਤੁਹਾਨੂੰ ਇਹ ਦੱਸਣਾ ਚਾਹੀਦਾ ਹੈ:

1. ਤੁਸੀਂ ਕਿੱਥੇ ਕੰਮ ਕਰੋਗੇ।
2. ਛਿੜਕਾਅ ਕੀਤੇ ਜਾਣ ਵਾਲੇ ਕੀਟਨਾਸ਼ਕ ਦਾ ਨਾਮ ਅਤੇ REI ਕਦੋਂ ਸ਼ੁਰੂ ਹੋਵੇਗਾ ਅਤੇ ਕਦੋਂ ਖ਼ਤਮ ਹੋਵੇਗਾ।
3. ਜੇ ਤੁਹਾਡੇ ਕੰਮਾਂ 'ਤੇ ਵਿਸ਼ੇਸ਼ ਪਾਬੰਦੀਆਂ ਹਨ, ਜਿਵੇਂ ਤੁਸੀਂ ਕੀਟਨਾਸ਼ਕ ਇਸਤੇਮਾਲ ਕੀਤੀਆਂ ਗਈਆਂ ਸਤ੍ਹਾਵਾਂ ਨੂੰ ਛੂਹ ਸਕਦੇ ਹੋ ਜਾਂ ਨਹੀਂ ਅਤੇ ਕਿੰਨਾ ਸਮਾਂ ਤੁਸੀਂ ਉਸ ਥਾਂ 'ਤੇ ਰਹਿ ਸਕਦੇ ਹੋ।
4. ਲੇਬਲ ਦੇ ਮੁਤਾਬਕ ਤੁਹਾਡੇ ਲਈ ਕੀ ਖ਼ਤਰਨਾਕ ਹੈ।
5. ਜੇ ਕੀਟਨਾਸ਼ਕ ਤੁਹਾਡੇ ਸਰੀਰ ਦੇ ਅੰਦਰ ਚਲੇ ਜਾਣ ਜਾਂ ਤੁਹਾਡੇ ਉੱਤੇ ਪੈ ਜਾਣ ਤਾਂ ਤੁਹਾਨੂੰ ਕਿਹੋ ਜਿਹਾ ਮਹਿਸੂਸ ਹੋ ਸਕਦਾ ਹੈ ਜਾਂ ਤੁਸੀਂ ਕਿਸ ਤਰ੍ਹਾਂ ਦਿਖਾਈ ਦੇ ਸਕਦੇ ਹੋ।
6. ਜੇ ਕੀਟਨਾਸ਼ਕ ਨਾਲ ਤੁਸੀਂ ਬੀਮਾਰ ਹੋ ਜਾਓ ਤਾਂ ਐਮਰਜੈਂਸੀ ਵਿੱਚ ਫਸਟ ਏਡ ਲਈ ਕਿਹੜੇ ਕਦਮ ਚੁੱਕਣੇ ਹਨ ਅਤੇ ਫੌਰਨ ਮਦਦ ਕਿਵੇਂ ਲੈਣੀ ਹੈ।
7. ਇਹ ਲੀਫ਼ਲੈਟ (ਪਰਚਾ) ਅਤੇ A-8 ਸੁਰੱਖਿਆ ਲੀਫ਼ਲੈਟ ਕਿੱਥੋਂ ਲੈਣਾ ਹੈ।
8. ਸੁਰੱਖਿਆ ਕੱਪੜੇ ਜਾਂ ਉਪਕਰਨ ਜੋ ਤੁਹਾਨੂੰ ਪਹਿਨਣੇ ਚਾਹੀਦੇ ਹਨ, ਅਤੇ ਇਹ ਕਿ ਇੱਕ

ਵਾਰੀ ਪਾਉਣ ਤੋਂ ਬਾਅਦ, ਤੁਹਾਡੇ ਕੰਮ ਦੇ ਕੱਪੜੇ ਅਤੇ ਸੁਰੱਖਿਆ ਕੱਪੜੇ ਜਾਂ ਉਪਕਰਨ ਕੀਟਨਾਸ਼ਕਾਂ ਨਾਲ ਦੂਸ਼ਤ ਹੋ ਸਕਦੇ ਹਨ।

9. ਜੇਕਰ ਤੁਸੀਂ ਸੁਰੱਖਿਆਤਮਕ ਕੱਪੜੇ ਜਾਂ ਉਪਕਰਨ ਵਰਤਦੇ ਹੋ, ਤਾਂ ਜ਼ਿਆਦਾ ਗਰਮੀ ਕਾਰਨ ਬਿਮਾਰ ਹੋਣ ਤੋਂ ਕਿਵੇਂ ਬਚੀਏ ਅਤੇ ਜੇਕਰ ਤੁਸੀਂ ਬਿਮਾਰ ਹੋ ਜਾਂਦੇ ਹੋ ਤਾਂ ਕਿਹੜੇ ਮੁੱਢਲੀ ਸਹਾਇਤਾ ਦੇ ਕਦਮ ਚੁੱਕਣੇ ਹਨ।
10. ਸੁਰੱਖਿਆ ਕੱਪੜੇ ਅਤੇ ਉਪਕਰਨ ਕਿਵੇਂ ਪਹਿਨੋ, ਉਤਾਰੋ, ਸਾਂਭੋ, ਅਤੇ ਸਾਫ਼ ਕਰੋ।
11. ਖੇਤ ਤੋਂ ਜਾਣ ਤੋਂ ਬਾਅਦ ਕੱਪੜਿਆਂ ਨੂੰ ਚੰਗੀ ਤਰ੍ਹਾਂ ਸਾਫ਼ ਕਰਨਾ ਕਿਉਂ ਜ਼ਰੂਰੀ ਹੈ।

ਤੁਹਾਡੇ ਮਾਲਕ ਨੂੰ ਤੁਹਾਨੂੰ ਤੁਹਾਡੀ ਲੋੜ ਦੇ ਸਾਰੇ ਸਾਫ਼ ਸੁਰੱਖਿਆ ਕੱਪੜੇ ਅਤੇ ਉਪਕਰਨ ਦੇਣੇ ਚਾਹੀਦੇ ਹਨ। ਜੇ ਲੇਬਲ ਦੇ ਮੁਤਾਬਕ ਤੁਹਾਡੀਆਂ ਅੱਖਾਂ ਦੀ ਸੁਰੱਖਿਆ ਦੀ ਲੋੜ ਹੈ, ਤਾਂ ਤੁਹਾਨੂੰ ਕੰਮ ਕਰਨ ਦੇ ਸਮੇਂ ਆਪਣੇ ਨਾਲ ਆਈਵਾਸ਼ ਰੱਖਣਾ ਚਾਹੀਦਾ ਹੈ। ਤੁਹਾਨੂੰ ਆਪਣੇ ਨਿੱਜੀ ਕੱਪੜਿਆਂ ਨੂੰ ਸਾਂਭਣ ਲਈ, ਅਤੇ ਸੁਰੱਖਿਆ ਕੱਪੜੇ ਜਾਂ ਉਪਕਰਨ ਪਾਉਣ ਜਾਂ ਉਤਾਰਨ ਲਈ ਸਾਫ਼, ਕੀਟਨਾਸ਼ਕ-ਮੁਕਤ ਥਾਂ ਜਾਣੀ ਚਾਹੀਦੀ ਹੈ। ਤੁਹਾਡੇ ਕੱਪੜਿਆਂ ਤੇ ਕੀਟਨਾਸ਼ਕ ਪੈ ਜਾਵੇ ਤਾਂ ਬਦਲਣ ਲਈ ਤੁਹਾਨੂੰ ਵਾਧੂ ਕਵਰਆਲ ਵੀ ਦਿੱਤੇ ਜਾਣੇ ਚਾਹੀਦੇ ਹਨ। ਤੁਹਾਡੇ ਮਾਲਕ ਨੂੰ ਤੁਹਾਨੂੰ ਮੂੰਹ-ਹੱਥ ਧੋਣ ਲਈ ਸਾਬੁਣ, ਸਾਫ਼ ਪਾਣੀ, ਅਤੇ ਤੌਲੀਏ ਦੇਣੇ ਚਾਹੀਦੇ ਹਨ।

## ਮਤਾ 65

1986 ਵਿੱਚ, ਪੀਣ ਵਾਲੇ ਸੁਰੱਖਿਅਤ ਪਾਣੀ ਅਤੇ ਜ਼ਹਿਰੀਲੇ ਪਦਾਰਥਾਂ ਬਾਰੇ ਐਨਫੋਰਸਮੈਂਟ ਐਕਟ (Safe Drinking Water and Toxic Enforcement Act of 1986) (ਮਤਾ 65) ਨਾਮ ਦਾ ਕਨੂੰਨ ਪਾਸ ਕੀਤਾ ਗਿਆ। ਇਸਦੇ ਹੇਠ ਕੈਲੀਫ਼ੋਰਨੀਆ ਵੱਲੋਂ ਉਨ੍ਹਾਂ ਰਸਾਇਣਾਂ ਦੀ ਸੂਚੀ ਬਣਾਉਣ ਦੀ ਲੋੜ ਹੁੰਦੀ ਹੈ, ਜਿਨ੍ਹਾਂ ਨਾਲ ਕੈਂਸਰ, ਜਨਮ ਵਿਕਾਰ, ਜਾਂ ਹੋਰ ਪ੍ਰਜਨਕ ਨੁਕਸਾਨ ਹੁੰਦੇ ਹਨ। ਮਤਾ 65 ਸੂਚੀ ਵਿੱਚ, ਰੰਗ ਦੇ ਰਸਾਇਣ, ਘੋਲਕ, ਕੀਟਨਾਸ਼ਕ, ਦਵਾਈਆਂ ਅਤੇ ਭੋਜਨ ਵਿੱਚ ਮਿਲਾਏ ਜਾਣ ਵਾਲੇ ਉਤਪਾਦਾਂ ਸਮੇਤ ਕਈ ਵੱਖ ਵੱਖ ਰਸਾਇਣ ਹਨ। ਜੇ ਤੁਸੀਂ ਮਤਾ 65 ਦੀ ਸੂਚੀ 'ਤੇ ਦਿੱਤੇ ਗਏ ਕਿਸੇ ਕੀਟਨਾਸ਼ਕ ਦਾ ਇਸਤੇਮਾਲ ਕਰਦੇ ਹੋ, ਤਾਂ ਤੁਹਾਡੇ ਮਾਲਕ ਨੂੰ ਤੁਹਾਨੂੰ ਚੇਤਾਵਨੀ ਦੇਣੀ ਚਾਹੀਦੀ ਹੈ ਕਿ ਜੇ ਤੁਸੀਂ ਜ਼ਿਆਦਾ ਕੀਟਨਾਸ਼ਕ ਦੇ ਪ੍ਰਭਾਵ ਵਿੱਚ ਆਉਂਦੇ ਹੋ ਤਾਂ ਤੁਹਾਡੀ ਸਿਹਤ ਨੂੰ ਬਹੁਤ ਜ਼ਿਆਦਾ ਜੋਖਮ ਹੋ ਸਕਦਾ ਹੈ। ਮਤਾ 65 ਦੀ ਸੂਚੀ 'ਤੇ ਦਿੱਤੇ ਗਏ ਕਿਸੇ ਕੀਟਨਾਸ਼ਕ ਦਾ ਛਿੜਕਾਅ ਕੀਤੇ ਜਾਣ 'ਤੇ ਤੁਹਾਡਾ ਮਾਲਕ ਤੁਹਾਨੂੰ ਚੇਤਾਵਨੀ ਦੇਣ ਦੀ ਚੋਣ ਵੀ ਕਰ ਸਕਦਾ ਹੈ, ਭਾਵੇਂ ਸਿਹਤ ਨੂੰ ਕੋਈ ਖ਼ਤਰਾ ਹੋਣ ਦੀ ਸੰਭਾਵਨਾ ਨਹੀਂ। ਜਿਵੇਂ ਉੱਪਰ ਦੱਸਿਆ ਗਿਆ ਹੈ, ਤੁਹਾਡੇ ਮਾਲਕ ਵੱਲੋਂ ਇਸਤੇਮਾਲ ਹੋਣ ਵਾਲੇ ਹਰ ਇੱਕ ਕੀਟਨਾਸ਼ਕ ਬਾਰੇ ਜਾਣਕਾਰੀ ਪੰਨਾ 2 'ਤੇ ਦਿੱਤੇ ਪਤੇ 'ਤੇ ਰੱਖੀ ਜਾਣੀ ਚਾਹੀਦੀ ਹੈ ਅਤੇ ਤੁਹਾਨੂੰ ਇਸਨੂੰ ਦੇਖਣ ਦੀ ਆਗਿਆ ਦੇਣੀ ਚਾਹੀਦੀ ਹੈ। ਜੇ ਤੁਹਾਨੂੰ ਰਿਕਾਰਡ ਦੀ ਥਾਂ ਦਾ ਪੱਕਾ ਪਤਾ ਨਹੀਂ, ਤਾਂ ਆਪਣੇ ਮਾਲਕ ਨੂੰ ਪੁੱਛੋ।

**ਮਤਾ 65 ਦੀ ਸੂਚੀ 'ਤੇ ਜੋ ਕੀਟਨਾਸ਼ਕ ਹਨ ਅਤੇ ਜੋ ਕੈਲੀਫ਼ੋਰਨੀਆ ਵਿੱਚ ਵਰਤੇ ਜਾਂਦੇ ਹਨ, ਉਨ੍ਹਾਂ ਦੀ ਸੂਚੀ ਨੂੰ ਤੁਸੀਂ http://www.cdpr.ca.gov/docs/dept/fact-shts/prop65.htm 'ਤੇ ਵੇਖ ਸਕਦੇ ਹੋ।**



ਜੇ ਤੁਹਾਨੂੰ ਆਪਣੀ ਟ੍ਰੇਨਿੰ ਗ ਵਿੱਚ ਲੋੜੀਂਦੀ ਸਾਰੀ ਜਾਣਕਾਰੀ ਨਹੀਂ ਮਿਲਦੀ ਜਾਂ ਤੁਸੀਂ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਬਾਰੇ ਸ਼ਿਕਾਇਤ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਹੋਰ ਜਾਣਕਾਰੀ ਲਈ ਆਪਣੇ ਕਾਉਂਟੀ ਦੇ ਐਗਰੀਕਲਚਰ ਕਮਿਸ਼ਨਰ ਜਾਂ ਡੀਪੀਆਰ ਨੂੰ ਫ਼ੋਨ ਕਰਨਾ ਚਾਹੀਦਾ ਹੈ। ਤੁਹਾਨੂੰ ਆਪਣੀ ਸਥਾਨਕ ਸਫੈਦ ਪੰਨਿਆਂ ਦੀ ਫੋਨ ਡਾਇਰੈਕਟਰੀ ਵਿੱਚ ਕਮਿਸ਼ਨਰ ਦਾ ਨੰਬਰ ਲੇਵੋ

https://www.cdfa.ca.gov/exec/county/countymap/

**ਡੀਪੀਆਰ ਦੇ ਖੇਤਰੀ ਦਫਤਰ ਹਨ:**
- **ਉੱਤਰੀ (ਵੈਸਟ ਸੈਕਰਾਮੈਂਟੋ) (916) 376-8960**
- **ਸੈਂਟਰਲ (ਕਲੋਇਸ) (559) 297-3511**
- **ਦੱਖਣੀ (ਐਨਾਹਾਇਮ) (714) 279-7690**

**ਕੀਟਨਾਸ਼ਕ ਬਾਰੇ ਸ਼ਿਕਾਇਤ ?**
**1-87PestLine**
**ਜਾਣਕਾਰੀ ਲਾਈਨ**
**1-877-378-5463**


ਸੁਰੱਖਿਆ ਸਬੰਧੀ ਲੀਫ਼ਲੈਟ (ਪਰਚੇ) ਇੱਥੇ ਉਪਲੱਬਧ ਹਨ:
www.cdpr.ca.gov/worker-health-and-safety/education-series

# ਸੁਰੱਖਿਆ ਸਬੰਧੀ ਸੁਝਾਅ

## ਆਪਣੀ ਚਮੜੀ ਦੀ ਸੁਰੱਖਿਆ ਕਿਵੇ ਕਰਨੀ ਹ



- ਲੰਮੀਆਂ ਬਾਹਾਂ ਵਾਲੇ ਕੱਪੜੇ ਅਤੇ ਲੰਮੀਆਂ ਪੈਂਟਾਂ, ਜੁੱਤੀਆਂ ਜਾਂ ਬੂਟ, ਜੁਰਾਬਾਂ, ਟੋਪ ਅਤੇ/ਜਾਂ ਸਕਾਰਫ, ਅਤੇ ਦਸਤਾਨੇ ਪਹਿਨੋ।
- ਯਕੀਨੀ ਬਣਾਓ ਕਿ ਉਹ ਸਾਫ਼ ਹਨ ਅਤੇ ਉਹਨਾਂ ਵਿੱਚ ਛੇਕ ਨਹੀਂ ਹਨ।






- ਖਾਣ, ਪੀਣ, ਤੰਮਾਕੂਨੋਸ਼ੀ ਕਰਨ, ਚਿਉਂਗਮ ਚਬਾਉਣ, ਆਪਣਾ ਫੋਨ ਵਰਤਣ, ਜਾਂ ਬਾਥਰੂਮ ਜਾਣ ਤੋਂ ਪਹਿਲਾਂ ਹਮੇਸ਼ਾਂ ਆਪਣੇ ਹੱਥ ਧੋਵੋ ਖੇਤ ਵਿੱਚ ਮਿਲੀ ਲੱਕੜ ਨਾਲ
- ਭੋਜਨ ਨਾ ਪਕਾਓ



- ਕੀਟਨਾਸ਼ਕ ਕੰਮ ਦੇ ਕੱਪੜਿਆਂ 'ਤੇ ਪੈ ਕੇ ਤੁਹਾਡੀ ਚਮੜੀ 'ਤੇ ਲੱਗ ਸਕਦੇ ਹਨ
- ਦੁਬਾਰਾ ਪਹਿਨਣ ਤੋਂ ਪਹਿਲਾਂ ਕੰਮ ਦੇ ਕੱਪੜੇ ਧੋਵੋ
- ਕੰਮ ਦੇ ਕੱਪੜਿਆਂ ਨੂੰ ਹੋਰ ਕੱਪੜਿਆਂ ਤੋਂ ਵੱਖਰੇ ਧੋਵੋ



- ਕੰਮ ਤੋਂ ਘਰ ਵਾਪਸ ਜਾਂਦੇ ਹੀ ਅਤੇ ਬੱਚਿਆਂ ਜਾਂ ਪਰੀਵਾਰ ਨੂੰ ਮਿਲਣ ਤੋਂ ਪਹਿਲਾਂ ਜਿਨੀ ਜਲਦੀ ਹੋ ਸਕੇ, ਨਹਾਓ ਜਾਂ ਸ਼ਾਵਰ ਲਵੋ
- ਸਾਬੁਣ ਅਤੇ ਪਾਣੀ ਨਾਲ ਨਹਾਓ, ਅਤੇ ਆਪਣੇ ਵਾਲਾਂ 'ਤੇ ਸ਼ੈਂਪੂ ਵਰਤੋ
- ਸਾਫ਼ ਕੱਪੜੇ ਪਹਿਨੋ


## ਬੀਮਾਰ ਹੋਣ 'ਤੇ ਕੀ ਕਰਨਾ ਚਾਹੀਦਾ ਹ



- ਜਦੋਂ ਤੁਸੀਂ ਉਹਨਾਂ ਪੌਦਿਆਂ, ਮਿੱਟੀ, ਸਿੰਜਾਈ ਦੇ ਪਾਣੀ, ਟ੍ਰੈਕਟਰਾਂ, ਅਤੇ ਹੋਰ ਉਪਕਰਨ ਨੂੰ ਛੂੰਹਦੇ ਹੋ, ਜਿਹਨਾਂ 'ਤੇ ਕੀਟਨਾਸ਼ਕਾਂ ਦਾ ਇਸਤੇਮਾਲ ਕੀਤਾ ਗਿਆ ਹੈ, ਤਾਂ ਕੀਟਨਾਸ਼ਕ ਤੁਹਾਡੀ ਚਮੜੀ ਅਤੇ ਕੱਪੜਿਆਂ, ਇਸਤੇਮਾਲ ਕੀਤੇ ਗਏ ਨਿੱਜੀ ਸੁਰੱਖਿਆ ਉਪਕਰਨ 'ਤੇ ਪੈ ਸਕਦੇ ਹਨ, ਜਾਂ ਤੁਸੀਂ ਛਿੜਕਾਅ ਦੇ ਵਹਾਅ ਦੇ ਪ੍ਰਭਾਵ ਵਿੱਚ ਆ ਜਾਂਦੇ ਹੋ
- ਉਹ ਤੁਹਾਡੇ ਕੱਪੜਿਆਂ ਤੋਂ ਤੁਹਾਡੀ ਚਮੜੀ 'ਤੇ ਲੱਗ ਸਕਦੇ ਹਨ
- ਕੁਝ ਕੀਟਨਾਸ਼ਕ ਅਸਾਨੀ ਨਾਲ ਤੁਹਾਡੀ ਚਮੜੀ ਅੰਦਰ ਜਾ ਕੇ ਤੁਹਾਨੂੰ ਬੀਮਾਰ ਕਰ ਸਕਦੇ ਹਨ
- ਜੇ ਤੁਸੀਂ ਕੰਮ 'ਤੇ ਬੀਮਾਰ ਹੋ (ਸਿਰ ਦਰਦ, ਪੇਟ ਦਰਦ, ਉਲਟੀ, ਚੱਕਰ ਆਉਣਾ) ਜਾਂ ਜ਼ਖਮੀ ਹੋ ਤਾਂ ਤੁਰੰਤ ਆਪਣੇ ਮਾਲਕ ਨੂੰ ਦੱਸੋ
- ਉਸਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਤੁਹਾਨੂੰ ਡਾਕਟਰ ਕੋਲ ਲਿਜਾਇਆ ਜਾਵੇ

ਜੇ ਕਿਸੇ ਬੀਮਾਰ ਜਾਂ ਜ਼ਖਮੀ ਹੋ ਤਾਂ ਡਾਕਟਰ ਕੋਲ ਜਾਣ ਵਾਸਤੇ ਡ੍ਰਾਈਵ ਕਰਨ ਲਈ ਕਿਸੇ ਹੋਰ ਨੂੰ ਨਾਲ ਲਵੋ। ਖੁਦ ਡ੍ਰਾਈਵ ਨਾ ਕਰੋ

## ਫਸਟ ਏਡ




- ਜੇ ਕੀਟਨਾਸ਼ਕ ਤੁਹਾਡੇ ਕੱਪੜਿਆਂ 'ਤੇ ਡੁੱਲ ਗਏ ਹਨ ਜਾਂ ਉਹਨਾਂ ਦੀ ਫੁਹਾਰ ਪੈ ਗਈ ਹੈ ਤਾਂ ਤੁਰੰਤ ਸਭ ਤੋਂ ਨੇੜੇ ਮੌਜੂਦ ਸਾਫ ਪਾਣੀ ਨਾਲ ਧੋਵੋ
- ਸਾਫ਼ ਕੱਪੜੇ ਬਦਲੋ
- ਧੋਣ ਤੋਂ ਬਾਅਦ ਮਾਲਕ ਨੂੰ ਕੀਟਨਾਸ਼ਕ ਡੁੱਲ੍ਹਣ ਬਾਰੇ ਦੱਸੋ



- ਜੇ ਤੁਹਾਡੀਆਂ ਅੱਖਾਂ ਜਾਂ ਚਮੜੀ 'ਤੇ ਖੁਜਲੀ ਜਾਂ ਜਲਨ ਸ਼ੁਰੂ ਹੋ ਜਾਵੇ ਤਾਂ ਉਹਨਾਂ ਨੂੰ ਧੋਵੋ
- ਬਹੁਤ ਸਾਰਾ ਪਾਣੀ ਇਸਤੇਮਾਲ ਕਰੋ
- ਆਪਣੇ ਮਾਲਕ ਨੂੰ ਦੱਸੋ ਕਿ ਤੁਹਾਨੂੰ ਡਾਕਟਰ ਕੋਲ ਜਾਣਾ ਚਾਹੀਦਾ ਹੈ

## ਹਮੇਸ਼ਾ ਯਾਦ ਰੱਖ



- ਕੀਟਨਾਸ਼ਕਾਂ ਨੂੰ ਕਦੇ ਵੀ ਭੋਜਨ ਜਾਂ ਪੀਣ ਵਾਲੇ ਪਦਾਰਥਾਂ ਦੇ ਕੰਟੇਨਰਾਂ ਵਿੱਚ ਨਾ ਪਾਓ।
- ਖੇਤ ਦੇ ਕੀਟਨਾਸ਼ਕਾਂ ਜਾਂ ਉਹਨਾਂ ਦੇ ਕੰਟੇਨਰਾਂ ਨੂੰ ਘਰ ਨਾ ਲੈ ਕੇ ਜਾਓ

## ਸੁਰੱਖਿਅਤ ਰਹ





- ਬੱਚਿਆਂ ਅਤੇ ਪਰੀਵਾਰ ਨੂੰ ਕੀਟਨਾਸ਼ਕਾਂ ਤੋਂ ਦੂਰ ਰੱਖੋ
- ਜਿਹੜੀ ਥਾਂ 'ਤੇ ਕੀਟਨਾਸ਼ਕ ਇਸਤੇਮਾਲ ਕੀਤਾ ਗਿਆ ਹੈ, ਉਹਨਾਂ ਤੋਂ ਅਤੇ ਇਸਤੇਮਾਲ ਤੋਂ ਬਾਹਰ ਵਾਲੇ ਜ਼ੋਨਾਂ ਤੋਂ ਦੂਰ ਰਹਿਣ ਬਾਰੇ ਹਦਾਇਤਾਂ ਦੀ ਪਾਲਣਾ ਕਰੋ


ਕੀਟਨਾਸ਼ਕ ਸੁਰੱਖਿਆ

ਜਾਣਕਾਰੀ

ਕੈਲੀਫ਼ੋਰਨੀਆ ਦੇ ਵਾਤਾਵਰਣ ਦੀ ਸੁਰੱਖਿਆ ਬਾਰੇ ਏਜੰਸੀ

**A No. 10**

# ਉਹਨਾਂ ਲਈ ਵਾਧੂ ਮੈਡੀਕਲ ਦੇਖਭਾਲ, ਜੋ ਜੈਵਿਕ ਫ਼ਾਸਫ਼ੇਟ ਅਤੇ ਕਾਰਬਾਮੇਟਸ ਦਾ ਇਸਤੇਮਾਲ ਕਰਦੇ ਹਨ




**ਜੇ ਤੁਸੀਂ ਜੈਵਿਕ ਫ਼ਾਸਫ਼ੇਟ ਜਾਂ ਕਾਰਬਾਮੇਟ ਕੀਟਨਾਸ਼ਕਾਂ ਨੂੰ ਰਲਾਉਂਦੇ, ਲੱਦਦੇ, ਜਾਂ ਇਸਤੇਮਾਲ ਕਰਦੇ ਹੋ, ਤਾਂ ਤੁਹਾਨੂੰ ਵਾਧੂ ਮੈਡੀਕਲ ਦੇਖਭਾਲ ਦੀ ਲੋੜ ਪੈ ਸਕਦੀ ਹੈ।** ਤੁਹਾਡੇ ਮਾਲਕ ਲਈ ਜ਼ਰੂਰੀ ਹੈ ਕਿ ਉਹ ਪਤਾ ਲਗਾਏ ਕਿ ਤੁਸੀਂ ਕਿੰਨੀ ਵਾਰ ਇਹਨਾਂ ਕੀਟਨਾਸ਼ਕਾਂ ਨਾਲ ਕੰਮ ਕਰਦੇ ਹੋ। ਤੁਹਾਡੇ ਮਾਲਕ ਲਈ ਤੁਹਾਡੇ ਲਈ ਵਿਸ਼ੇਸ਼ ਮੈਡੀਕਲ ਦੇਖਭਾਲ ਦਾ ਪ੍ਰਬੰਧ ਕਰਨਾ ਜ਼ਰੂਰੀ ਹੈ, ਜੇ:

1. ਤੁਸੀਂ 30-ਦਿਨਾਂ ਦੇ ਮਿਆਦ ਦੇ ਦੌਰਾਨ 6 ਦਿਨਾਂ ਤੋਂ ਵੱਧ ਇਨ੍ਹਾਂ ਕੀਟਨਾਸ਼ਕਾਂ ਦਾ ਇਸਤੇਮਾਲ ਕਰਦੇ ਹੋ, ਅਤੇ
2. ਜਿਸ ਕੀਟਨਾਸ਼ਕ(ਕਾਂ) ਦਾ ਤੁਸੀਂ ਇਸਤੇਮਾਲ ਕਰਦੇ ਹੋ, ਉਸਦੇ ਲੇਬਲ ਤੇ "ਖਤਰਾ" ਜਾਂ "ਚੇਤਾਵਨੀ" ਲਿਖਿਆ ਹੋਇਆ ਹੈ।

## ਵਾਧੂ ਮੈਡੀਕਲ ਦੇਖਭਾਲ ਕੀ ਹੈ?

ਜੇ ਤੁਹਾਨੂੰ ਵਾਧੂ ਮੈਡੀਕਲ ਦੇਖਭਾਲ ਦੀ ਜ਼ਰੂਰਤ ਹੈ, ਤਾਂ ਤੁਹਾਡੇ ਲਈ ਵਿਸ਼ੇਸ਼ ਬਲੱਡ ਟੈਸਟ ਕਰਵਾਉਣੇ ਜ਼ਰੂਰੀ ਹਨ, ਜਿਨ੍ਹਾਂ ਤੋਂ ਡਾਕਟਰ ਦੱਸ ਸਕੇਗਾ ਕਿ ਕੀਟਨਾਸ਼ਕ ਤੁਹਾਡੇ ਸਰੀਰ ਨੂੰ ਨੁਕਸਾਨ ਪਹੁੰਚਾ ਰਹੇ ਹਨ ਜਾਂ ਨਹੀਂ। ਅਜਿਹਾ ਤਦ ਵੀ ਹੋ ਰਿਹਾ ਹੋ ਸਕਦਾ ਹੈ, ਜਦੋਂ ਕਿ ਤੁਸੀਂ ਬੀਮਾਰ ਮਹਿਸੂਸ ਨਾ ਕਰਦੇ ਹੋਵੋ। ਬਲੱਡ ਟੈਸਟਾਂ ਨਾਲ ਤੁਹਾਡੇ ਸਰੀਰ ਵਿਚਲੇ ਇੱਕ ਰਸਾਇਣ ਕੋਲਿਨਸਟ੍ਰੇਜ਼ (cholinesterase) ਨੂੰ ਮਾਪਿਆ ਜਾਂਦਾ ਹੈ, ਜਿਸ ਨਾਲ ਤੁਹਾਡੀਆਂ ਨਸਾਂ ਨੂੰ ਠੀਕ ਤਰ੍ਹਾਂ ਨਾਲ ਕੰਮ ਕਰਨ ਵਿੱਚ ਮਦਦ ਮਿਲਦੀ ਹੈ।

ਜੈਵਿਕ ਫ਼ਾਸਫ਼ੇਟ ਅਤੇ ਕਾਰਬਾਮੇਟਸ, ਕੋਲਿਨਸਟ੍ਰੇਜ਼ ਦੇ ਕੰਮ ਕਰਨ ਵਿੱਚ ਰੁਕਾਵਟ ਪਾ ਕੇ ਤੁਹਾਡੀਆਂ ਨਸਾਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਇਹ ਯਕੀਨੀ ਬਣਾਉਣ ਲਈ ਕਿ ਤੁਸੀਂ ਕੀਟਨਾਸ਼ਕਾਂ ਨਾਲ ਕੰਮ ਕਰਦੇ ਹੋਏ ਬਿਮਾਰ ਨਹੀਂ ਹੋ ਰਹੇ ਹੋ, ਤੁਹਾਡਾ ਖ਼ੂਨ ਦੇ ਟੈਸਟ ਕਰਵਾਉਣਾ ਜ਼ਰੂਰੀ ਹੈ

ਆਪਣੀ ਕੋਲਿਨਸਟ੍ਰੇਜ਼ ਦੀ ਜਾਂਚ ਕਰਨ ਲਈ ਬਲੱਡ ਟੈਸਟ ਕਰਵਾਉਣਾ, ਤੁਹਾਡੀ ਵਾਧੂ ਮੈਡੀਕਲ ਦੇਖਭਾਲ ਦਾ ਹਿੱਸਾ ਹੋਣਾ **ਜ਼ਰੂਰੀ** ਹੈ।

ਸੁਰੱਖਿਆ ਸਬੰਧੀ ਸੁਝਾਅ

**10**

**ਤੁਹਾਨੂੰ ਵਾਧੂ ਮੈਡੀਕਲ ਦੇਖਭਾਲ ਦੀ ਜ਼ਰੂਰਤ ਹੈ, ਜੇ ਤੁਸੀਂ ਅਕਸਰ "ਖਤਰਾ" ਜਾਂ "ਚੇਤਾਵਨੀ" ਲਿਖੇ ਹੋਏ ਜੈਵਿਕ ਫ਼ਾਸਫ਼ੇਟ ਅਤੇ ਕਾਰਬਾਮੇਟਸ ਕੀਟਨਾਸ਼ਕਾਂ ਨਾਲ ਕੰਮ ਕਰਦੇ ਹੋ।**

## ਮੈਨੂੰ ਬਲੱਡ ਟੈਸਟ ਕਦੋਂ-ਕਦੋਂ ਕਰਵਾਉਣੇ ਹੁੰਦੇ ਹਨ?

ਇਹਨਾਂ ਕੀਟਨਾਸ਼ਕਾਂ ਨਾਲ ਕੰਮ ਕਰਨਾ ਸ਼ੁਰੂ ਕਰਨ ਤੋਂ ਪਹਿਲਾਂ ਤੁਹਾਨੂੰ ਖ਼ੂਨ ਦਾ ਟੈਸਟ ਕਰਵਾਉਣਾ ਚਾਹੀਦਾ ਹੈ। ਇਹ ਖ਼ੂਨ ਦਾ ਟੈਸਟ ਉਦੋਂ ਕਰਵਾਉਣਾ ਚਾਹੀਦਾ ਹੈ ਜਦੋਂ ਤੁਸੀਂ ਘੱਟੋ-ਘੱਟ 30 ਦਿਨਾਂ ਤੋਂ ਆਰਗੈਨੋਫਾਸਫੇਟ ਅਤੇ ਕਾਰਬਾਮੇਟ ਨਾਲ ਕੰਮ ਨਾ ਕੀਤਾ ਹੋਵੇ। ਪਹਿਲੇ ਬਲੱਡ ਟੈਸਟ ਤੋਂ ਪਤਾ ਲਗੇਗਾ ਕਿ ਤੁਹਾਡੇ ਆਮ ਕੋਲਿਨਸਟ੍ਰੇਜ਼ ਦਾ ਪੱਧਰ ਕਿੰਨਾ ਹੈ। ਇਹ ਯਕੀਨੀ ਬਣਾਉਣ ਲਈ ਕਿ ਤੁਸੀਂ ਹੁਣ ਵੀ ਠੀਕ ਹੋ, ਇਸ ਪੱਧਰ ਦੀ ਤੁਲਨਾ ਬਾਅਦ ਦੇ ਟੈਸਟਾਂ ਨਾਲ ਕੀਤੀ ਜਾਂਦੀ ਹੈ। ਤੁਹਾਡੇ ਆਮ ਕੋਲਿਨਸਟ੍ਰੇਜ਼ ਪੱਧਰ ਦੀ ਜਾਂਚ ਹਰ ਦੋ ਸਾਲਾਂ ਵਿੱਚ ਕਰਵਾਉਣੀ ਜ਼ਰੂਰੀ ਹੈ।

## ਬਲੱਡ ਟੈਸਟ ਕਰਵਾਉਣ ਮੈਂ ਕਿੱਥੇ ਜਾਣਾ ਹੈ?

ਤੁਹਾਡੇ ਮਾਲਕ ਨੂੰ ਤੁਹਾਡੇ ਬਲੱਡ ਟੈਸਟ ਕਰਵਾਉਣ ਲਈ ਇੱਕ ਡਾਕਟਰ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਅਤੇ ਟੈਸਟਾਂ ਦਾ ਖ਼ਰਚ ਤੁਹਾਡੇ ਮਾਲਕ ਵੱਲੋਂ ਹੀ ਅਦਾ ਕੀਤਾ ਜਾਣਾ ਜ਼ਰੂਰੀ ਹੈ। ਤੁਹਾਡੇ ਮਾਲਕ ਨੂੰ ਡਾਕਟਰ ਦਾ ਨਾਮ, ਪਤਾ, ਅਤੇ ਫ਼ੋਨ ਨੰਬਰ ਅਜਿਹੀ ਥਾਂ ਤੇ ਲਗਾਉਣਾ ਚਾਹੀਦਾ ਹੈ, ਜਿੱਥੇ ਤੁਸੀਂ ਉਸਨੂੰ ਦੇਖ ਸਕੋ, ਜਿਵੇਂ ਕਿ ਤੁਹਾਡੀ ਕੰਮ ਵਾਲੀ ਥਾਂ 'ਤੇ ਲਗਾਏ ਗਏ A-8 ਸੁਰੱਖਿਆ ਲੀਫ਼ਲੈਟ (ਪਰਚੇ) ਉੱਤੇ।

## ਮੈਨੂੰ ਇਹ ਟੈਸਟ ਕਿੰਨੀ ਵਾਰ ਕਰਵਾਉਣ ਦੀ ਲੋੜ ਹੈ?

**ਡਾਕਟਰ ਵੱਲੋਂ ਤੁਹਾਡਾ ਆਮ ਕੋਲਿਨਸਟ੍ਰੇਜ਼ ਪੱਧਰ ਨਿਰਧਾਰਤ ਕਰਨ ਦੇ ਬਾਅਦ, ਤੁਹਾਡੇ ਲਈ ਜ਼ਰੂਰੀ ਹੈ:**

1. ਪਹਿਲੇ 3 ਮਹੀਨਿਆਂ ਲਈ, ਹਰ 30-ਦਿਨ ਦੀ ਮਿਆਦ ਖ਼ਤਮ ਹੋਣ ਤੇ ਟੈਸਟ ਕਰਵਾਓ; ਫਿਰ,
2. ਪਹਿਲੇ ਤਿੰਨ ਮਹੀਨਿਆਂ ਦੇ ਬਾਅਦ ਹਰ 60 ਦਿਨ ਵਿੱਚ ਟੈਸਟ ਕਰਵਾਓ (ਜਾਂ ਜਿਸ ਤਰ੍ਹਾਂ ਡਾਕਟਰ ਸਲਾਹ ਦੇਵੇ)।

ਕਈ ਵਾਰ ਤੁਹਾਡੇ ਵੱਲੋਂ ਬਲੱਡ ਟੈਸਟ ਕਰਵਾਉਣ ਬਾਅਦ ਡਾਕਟਰ ਇਸ ਵਿੱਚ ਤਬਦੀਲੀ ਕਰ ਸਕਦਾ ਹੈ ਕਿ ਤੁਹਾਨੂੰ ਟੈਸਟ ਕਿੰਨੀ ਵਾਰ ਕਰਵਾਉਣੇ ਚਾਹੀਦੇ ਹਨ।

## ਮੈਨੂੰ ਕਿਸ ਤਰ੍ਹਾਂ ਪਤਾ ਲਗੇਗਾ ਕਿ ਮੇਰੇ ਬਲੱਡ ਟੈਸਟ ਦਾ ਕੀ ਨਤੀਜਾ ਨਿਕਲਿਆ ਹੈ?

ਟੈਸਟ ਨਤੀਜੇ ਪ੍ਰਾਪਤ ਹੋਣ ਦੇ 14 ਦਿਨਾਂ ਦੇ ਅੰਦਰ, ਡਾਕਟਰ ਤੁਹਾਨੂੰ ਅਤੇ ਤੁਹਾਡੇ ਮਾਲਕ ਨੂੰ ਨਤੀਜਿਆਂ ਅਤੇ ਕਿਸੇ ਵੀ ਸਲਾਹਾਂ ਬਾਰੇ ਸੂਚਿਤ ਕਰੇਗਾ। ਤੁਹਾਡੇ ਮਾਲਕ ਨੂੰ ਤੁਹਾਡੇ ਬਲੱਡ ਟੈਸਟ ਦੇ ਨਤੀਜਿਆਂ ਅਤੇ ਡਾਕਟਰ ਦੇ ਮਸ਼ਵਰੇ ਦਾ ਤਿੰਨ ਸਾਲਾਂ ਤੱਕ ਰਿਕਾਰਡ ਰੱਖਣਾ ਜ਼ਰੂਰੀ ਹੈ ਅਤੇ ਜਦੋਂ ਵੀ ਤੁਸੀਂ ਇਹ ਰਿਕਾਰਡ ਦੇਖਣਾ ਚਾਹੋ, ਉਸ ਵੱਲੋਂ ਤੁਹਾਨੂੰ ਇਜਾਜ਼ਤ ਦੇਣੀ ਚਾਹੀਦੀ ਹੈ।

## ਜੇ ਮੇਰੇ ਬਲੱਡ ਟੈਸਟ ਦਰਸਾਉਣ ਕਿ ਕੋਲਿਨਸਟ੍ਰੇਜ਼ ਪੱਧਰ ਘੱਟ ਹੈ ਤਾਂ ਕੀ ਹੁੰਦਾ ਹੈ?

ਜੇ ਤੁਹਾਡੇ ਬਲੱਡ ਟੈਸਟ ਦਰਸਾਉਂਦੇ ਹਨ ਕਿ ਤੁਹਾਡਾ ਕੋਲਿਨਸਟ੍ਰੇਜ਼ ਪੱਧਰ ਘੱਟ ਹੈ, ਤਾਂ ਇਸਦਾ ਮਤਲਬ ਹੈ ਕਿ ਜਦੋਂ ਤੁਸੀਂ ਇਹਨਾਂ ਕੀਟਨਾਸ਼ਕਾਂ ਨਾਲ ਕੰਮ ਕਰਦੇ ਹੋ ਤਾਂ ਸਮੱਸਿਆ ਹੋ ਸਕਦੀ ਹੈ। ਤੁਹਾਡੇ ਮਾਲਕ ਨੂੰ ਇਹ ਪਤਾ ਲਗਾਉਣਾ ਚਾਹੀਦਾ ਹੈ ਕਿ ਕੀ ਤੁਹਾਡੇ 'ਤੇ ਕੀਟਨਾਸ਼ਕਾਂ ਦਾ ਅਸਰ ਹੋ ਰਿਹਾ ਹੈ।

ਜੇ ਕੋਈ ਸਮੱਸਿਆਵਾਂ ਹਨ, ਤਾਂ ਤੁਹਾਡੇ ਮਾਲਕ ਦਾ ਇਹ ਕਰਨਾ ਜ਼ਰੂਰੀ ਹੈ:

- ਜੇ ਕੋਈ ਉਪਕਰਨ ਠੀਕ ਕੰਮ ਨਹੀਂ ਕਰ ਰਿਹਾ ਹੈ ਤਾਂ ਉਸਨੂੰ ਠੀਕ ਕਰਵਾਉਣਾ।
- ਇਹ ਯਕੀਨੀ ਬਣਾਉਣਾ ਕਿ ਤੁਸੀਂ ਇਨ੍ਹਾਂ ਕੀਟਨਾਸ਼ਕਾਂ ਨਾਲ ਸੁਰੱਖਿਅਤ ਰੂਪ ਨਾਲ ਕੰਮ ਕਰ ਰਹੇ ਹੋ ਜਾਂ ਇਨ੍ਹਾਂ ਨਾਲ ਕੰਮ ਕਰਨ ਦੇ ਤਰੀਕੇ ਨੂੰ ਬਦਲਣਾ ਚਾਹੀਦਾ ਹੈ।

ਜੇ ਤੁਹਾਡਾ ਕੋਲਿਨਸਟ੍ਰੇਜ਼ ਪੱਧਰ ਬਹੁਤ ਘੱਟ ਹੈ, ਤਾਂ ਤੁਹਾਡੇ ਬਹੁਤ ਜ਼ਿਆਦਾ ਬੀਮਾਰ ਹੋਣ ਤੋਂ ਪਹਿਲਾਂ ਤੁਹਾਡੇ ਮਾਲਕ ਨੂੰ ਲਾਜ਼ਮੀ ਤੌਰ ਤੇ ਤੁਹਾਡੇ ਤੋਂ ਇਨ੍ਹਾਂ ਕੀਟਨਾਸ਼ਕਾਂ ਨਾਲ ਕੰਮ ਕਰਵਾਉਣਾ ਬੰਦ ਕਰ ਦੇਣਾ ਚਾਹੀਦਾ ਹੈ। ਤੁਸੀਂ ਇਨ੍ਹਾਂ ਕਿਸਮਾਂ ਦੇ ਕੀਟਨਾਸ਼ਕਾਂ ਨਾਲ ਉਦੋਂ ਤੱਕ ਕੰਮ ਨਹੀਂ ਕਰ ਸਕਦੇ, ਜਦ ਤੱਕ ਤੁਹਾਡੇ ਬਲੱਡ ਟੈਸਟਾਂ ਤੋਂ ਇਹ ਪਤਾ ਨਾ ਲਗ ਜਾਏ ਕਿ ਤੁਹਾਡਾ ਸਰੀਰ ਬਿਹਤਰ ਹੋ ਰਿਹਾ ਹੈ। ਇਸ ਸਮੇਂ ਦੌਰਾਨ ਤੁਸੀਂ ਕੋਈ ਹੋਰ ਕੰਮ ਕਰ ਸਕਦੇ ਹੋ ਜਾਂ ਦੂਜੇ ਕੀਟਨਾਸ਼ਕਾਂ ਦਾ ਇਸਤੇਮਾਲ ਕਰ ਸਕਦੇ ਹੋ।

ਤੁਹਾਨੂੰ ਅਤੇ ਤੁਹਾਡੇ ਮਾਲਕ ਨੂੰ ਡਾਕਟਰ ਦੀਆਂ ਸਾਰੀਆਂ ਹਿਦਾਇਤਾਂ ਦੀ ਪਾਲਣਾ ਕਰਨੀ ਲਾਜ਼ਮੀ ਹੈ। ਸਿਰਫ਼ ਡਾਕਟਰ ਹੀ ਸਪਸ਼ਟ ਕਰ ਸਕਦਾ ਹੈ ਕਿ ਤੁਹਾਡੇ ਬਲੱਡ ਟੈਸਟਾਂ ਦਾ ਕੀ ਮਤਲਬ ਹੈ।



ਜੇ ਤੁਹਾਨੂੰ ਆਪਣੀ ਟ੍ਰੇਨਿੰ ਗ ਵਿੱਚ ਲੋੜੀਂਦੀ ਸਾਰੀ ਜਾਣਕਾਰੀ ਨਹੀਂ ਮਿਲਦੀ ਜਾਂ ਤੁਸੀਂ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਬਾਰੇ ਸ਼ਿਕਾਇਤ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਹੋਰ ਜਾਣਕਾਰੀ ਲਈ ਆਪਣੇ ਕਾਉਂਟੀ ਦੇ ਐਗਰੀਕਲਚਰ ਕਮਿਸ਼ਨਰ ਜਾਂ ਡੀਪੀਆਰ ਨੂੰ ਫ਼ੋਨ ਕਰਨਾ ਚਾਹੀਦਾ ਹੈ। ਤੁਹਾਨੂੰ ਆਪਣੀ ਸਥਾਨਕ ਸਫੈਦ ਪੰਨਿਆਂ ਦੀ ਫੋਨ ਡਾਇਰੈਕਟਰੀ ਵਿੱਚ ਕਮਿਸ਼ਨਰ ਦਾ ਨੰਬਰ ਲੇਵੋ

https://www.cdfa.ca.gov/exec/county/countymap/

**ਡੀਪੀਆਰ ਦੇ ਖੇਤਰੀ ਦਫਤਰ ਹਨ:**

- **ਉੱਤਰੀ (ਵੈਸਟ ਸੈਕਰਾਮੈਂਟੋ) (916) 376-8960**
- **ਸੈਂਟਰਲ (ਕਲੋਇਸ) (559) 297-3511**
- **ਦੱਖਣੀ (ਐਨਾਹਾਇਮ) (714) 279-7690**

ਕੀਟਨਾਸ਼ਕ ਬਾਰੇ ਸ਼ਿਕਾਇਤ ?

**1-87PestLine**

ਜਾਣਕਾਰੀ ਲਾਈਨ

1-877-378-5463

ਸੁਰੱਖਿਆ ਸਬੰਧੀ ਲੀਫ਼ਲੈਟ (ਪਰਚੇ) ਇੱਥੇ ਉਪਲੱਬਧ ਹਨ:
www.cdpr.ca.gov/worker-health-and-safety/education-series